**Parakh**
Research Journal Deptt. of Punjabi
Language & Literature
Lahore College for Women University Lahore (Pakistan) Vol: 1, Jan-Jun 2016, pp1-

ਪਾਰਿਖ
ਖੋ ਜ ਜਰਨਲ ਵਿਭਾਗ ਪੰਜਾਬੀ ਦੇ
ਭਾਸ਼ਾ ਅਤੇ ਸਾਹਿਤ
ਮਹਿਲਾ ਯੂਨੀਵਰਸਿਟੀ ਲਾਹੌਰ ਦੇ ਲਈ ਲਾਹੌਰ ਕਾਲਜ
(ਪਾਕਿਸਤਾਨ) ਵੋਲ: 1, ਜਨ-ਜੂਨ 2016, ਸਫ਼ੇ

ਜਮੀਲ ਅਹਮਦ ਪਾਲ

# ਪੰਜਾਬੀ ਫ਼ਾਰਸੀ ਲਿਸਾਨੀ ਰਾਬਤੇ

ਫ਼ਾਰਸੀ ਤੇ ਪੰਜਾਬੀ ਦੇ ਲਿਸਾਨੀ ਰਾਬਤਿਆਂ ਦਾ ਜ਼ਿਕਰ ਕਰਦਿਆਂ, ਬਗ਼ੈਰ ਕਿਸੇ ਗ਼ੌਰ ਤੇ ਫ਼ਿਕਰ ਦੇ ਸਾਨੂੰ ਅਹਿਸਾਸ ਹੁੰਦਾ ਏ ਕਿ ਸਦੀਆਂ ਤੋਂ ਇਹ ਰਾਬਤੇ ਬੜੇ ਗੂੜ੍ਹੇ ਰਹੇ ਹੋਣ ਗੇ। ਪੰਜਾਬੀ ਵਿੱਚ ਫ਼ਾਰਸੀ ਲਫ਼ਜ਼ ਅਨ ਗਿਣਤ ਮਿਲਦੇ ਨੇਂ। ਹੋਰ ਤੇ ਹੋਰ ਆਪ ਲਫ਼ਜ਼ "ਪੰਜਾਬ" ਵੀ ਫ਼ਾਰਸੀ ਦੇ ਈ ਦੋ ਲਫ਼ਜ਼ਾਂ ਦਾ ਮਜਮੂਆ ਏ।

ਫ਼ਾਰਸੀ ਜ਼ੁਬਾਨ ਜੋ ਅੱਜ ਦੁਨੀਆ ਦੀਆਂ ਵੱਡੀਆਂ ਜ਼ੁਬਾਨਾਂ ਵਿੱਚ ਕਾਫ਼ੀ ਥੱਲਵੇਂ ਨਮਬਰ ਉੱਤੇ ਆ ਗਈ ਏ, ਇੱਕ ਜ਼ਮਾਨੇ ਵਿੱਚ ਏਰਾਨ ਤੇ ਆਲ ਦਵਾਲ ਦੇ ਏਲਾਕਿਆਂ ਵਿੱਚ ਵੱਡਾ ਖਲਾਰ ਰੱਖਦੀ ਸੀ। ਏਰਾਨ ਤੋਂ ਵੱਖ ਇਰਾਕ ਦੇ ਕੁਝ ਇਲਾਕੇ, ਅਫ਼ਗ਼ਾਨਿਸਤਾਨ ਤੇ ਰੂਸੀ ਰਿਆਸਤਾਂ ਵਿੱਚ ਅੱਜ ਵੀ ਇਹਦੇ ਅਸਰਾਤ ਵੇਖੇ ਜਾ ਸਕਦੇ ਨੇਂ। ਜਿੱਥੇ ਤੱਕ ਬਰਿਸਗ਼ੀਰ ਪਾਕੋ ਹਿੰਦ ਦਾ ਸਬੰਧ ਏ, ਮੁਗ਼ਲ ਦੋਰ ਵਿੱਚ ਇਹ ਸਰਕਾਰੀ ਜ਼ੁਬਾਨ ਦਾ ਦਰਜਾ ਰਖਦੀ ਸੀ ਤੇ ਉਹਦਾ ਇਨਾ ਰੋਬ ਤੇ ਦਬਦਬਾ ਸੀ ਜਿੰਨਾ ਅੱਜ ਅੰਗਰੇਜ਼ੀ ਦਾ ਨਜ਼ਰ ਆਉਂਦਾ ਏ। ਅੱਜ ਵੀ ਪੰਜਾਬੀਆਂ ਨੂੰ ਆਮ ਤੋਰ ਉੱਤੇ ਇਹ ਮਹਿਣਾ ਮਾਰਿਆ ਜਾਂਦਾ ਏ ਕਿ ਰੰਜੀਤ ਸਿੰਘ ਦੇ ਜ਼ਮਾਨੇ ਵਿੱਚ ਸਰਕਾਰੀ ਜ਼ੁਬਾਨ ਫ਼ਾਰਸੀ ਰਹੀ। ਰੰਜੀਤ ਨੇ ਫ਼ਾਰਸੀ ਦੀ ਥਾਂ ਜੇ ਪੰਜਾਬੀ ਲਾਗੂ ਨਹੀਂ ਸੀ ਕੀਤੀ ਤਾਂ ਇਹਦੇ ਮਗਰ ਬਹੁਤ ਸਾਰੀਆਂ ਮਜਬੂਰੀਆਂ ਹੋ ਸਕਦੀਆਂ ਨੇਂ। ਕਿਸੇ ਇੱਕ ਨਾਫ਼ਿਜ਼ ਜ਼ੁਬਾਨ ਨੂੰ ਹਟਾ ਕੇ ਉਹਦੀ ਥਾਂ ਦੂਜੀ ਜ਼ੁਬਾਨ ਲਾਗੂ ਕਰਨਾ ਬੜਾ ਔਖਾ ਕੰਮ ਹੁੰਦਾ ਏ ਤੇ ਉਹਦੇ ਵਾਸਤੇ ਬਹੁਤ ਸਾਰੀਆਂ ਕੋਸ਼ਿਸ਼ਾਂ ਦੇ ਨਾਲ ਨਾਲ ਨਵੀਂ ਜ਼ੁਬਾਨ ਨੂੰ ਇਸ ਮਕਸਦ ਵਾਸਤੇ ਤਿਆਰ ਕਰਨਾ ਵੀ ਜ਼ਰੂਰੀ ਹੁੰਦਾ ਏ। ਅਸੀਂ ਵੇਖਦੇ ਆਂ ਕਿ ਪਾਕਿਸਤਾਨ ਵਿੱਚ ਉਰਦੂ ਦੇ ਨਿਫ਼ਾਜ਼ ਵਾਸਤੇ ਬਹੁਤ ਸਾਰੀ ਨੱਸ ਭੱਜ ਤੇ ਕੋਸ਼ਿਸ਼ਾਂ ਦੇ ਬਾਵਜੂਦ ਅੰਗਰੇਜ਼ੀ ਈ ਪਰਧਾਨ ਏ। ਇਹਦਾ ਕਾਰਨ ਇਹ ਏ ਕਿ ਇੱਕ ਤਾਂ ਅੰਗਰੇਜ਼ੀ ਵਿੱਚ ਘੜੀਆਂ ਘੜਾਈਆਂ ਤਰਕੀਬਾਂ, ਲਫ਼ਜ਼, ਫ਼ਿਕਰੇ ਤੇ ਇਸਤਲਾਹਵਾਂ ਮੌਜੂਦ ਨੇਂ ਜਿਹੜੀਆਂ ਦੋ ਸੋ ਸਾਲ ਵਿੱਚ ਦਫ਼ਤਰੀ ਕਾਰਿੰਦਿਆਂ ਤੇ ਦਫ਼ਤਰੀ ਅਮੂਰ ਵਿੱਚ ਰੱਚ ਵੱਸ ਗਈਆਂ ਨੇਂ। ਉਹਨਾਂ ਅੰਗਰੇਜ਼ੀ ਇਸਤਲਾਹਵਾਂ ਨੂੰ ਹਟਾ ਕੇ ਨਾਮਾਨੂਸ ਤਰਕੀਬਾਂ ਰਾਇਜ ਕਰਨਾ ਬੜਾ ਔਖਾ ਕੰਮ ਸੀ[1]।

ਕੁਝ ਅਜਿਹੇ ਹੀ ਮਸਲੇ ਰੰਜੀਤ ਸਿੰਘ ਦੇ ਸਾਹਮਣੇ ਵੀ ਹੋਣ ਗੇ। ਉਂਜ ਵੀ ਦੋ ਸੋ ਸਾਲ ਪਹਿਲਾਂ ਦੇ ਜ਼ਮਾਨੇ ਵਿੱਚ ਹੁਣ ਦੀ ਤਰ੍ਹਾਂ ਦੇ ਰੁਜਹਾਨ ਇਨੇ ਤਾਕਤਵਰ ਨਹੀਂ ਸਨ ਕਿ ਮਕਾਮੀ ਜ਼ੁਬਾਨ ਨੂੰ ਅਰੂਜ ਦੇਣ ਦਾ ਕੋਈ ਜਤਨ ਸੰਜੀਦਗੀ ਨਾਲ ਕੀਤਾ ਜਾਂਦਾ। ਅਸੀਂ ਵੇਖਦੇ ਆਂ ਕਿ ਮੇਸੂਰ ਵਿੱਚ ਟੀਪੂ ਸੁਲਤਾਨ ਯਾਂ ਬੰਗਾਲ ਵਿੱਚ ਸਿਰਾਜੁੱਦੋਲਾ ਨੇ ਮਕਾਮੀ ਰਿਆਸਤਾਂ ਦੇ ਹੁਕਮਰਾਨ ਹੁੰਦਿਆਂ ਹੋਇਆਂ ਵੀ ਕਰਨਾਟਕੀ, ਕੰਨਟਰ ਯਾਂ ਬੰਗਾਲੀ ਨੂੰ ਸਰਕਾਰੀ ਜ਼ੁਬਾਨ ਨਹੀਂ ਬਣਾਇਆ, ਸਗੋਂ ਫ਼ਾਰਸੀ ਈ ਪਰਧਾਨ ਰਹੀ। ਅਲਬੱਤਾ ਅੰਗਰੇਜ਼ਾਂ ਦੇ ਆਵਣ ਮਗਰੋਂ ਵੱਡੀ ਭੰਨ ਤੋੜ ਹੋਈ ਤਾਂ ਬਾਅਜ਼ ਥਾਂ ਮਕਾਮੀ ਰਿਆਸਤਾਂ ਨੇ ਮਕਾਮੀ ਜ਼ੁਬਾਨ ਅਪਣਾਵਣ ਵਲ ਧਿਆਨ ਕੀਤਾ। ਇੰਜ ਪੰਜਾਬ ਦੀਆਂ ਕੁਝ ਰਿਆਸਤਾਂ ਜਿਵੇਂ ਕਿ ਪਟਿਆਲਾ ਵਗ਼ੈਰਾ ਵਿੱਚ ਥੱਲੜੀ ਪੱਧਰ ਉੱਤੇ ਪੰਜਾਬੀ ਨੂੰ ਅਪਣਾਇਆ ਗਿਆ ਤੇ ਸਕੂਲਾਂ ਵਿੱਚ ਪੰਜਾਬੀ (ਗੁਰਮੁਖੀ ਲਿੱਪੀ ਰਾਹੀਂ) ਈ ਜ਼ਰੀਆ ਤਾਅਲੀਮ ਬਣਾਈ ਗਈ।

ਫ਼ਾਰਸੀ ਉਹ ਜ਼ੁਬਾਨ ਏ ਜਿਹਨੇ ਲਗ ਭਗ ਹਜ਼ਾਰ ਸਾਲ ਤਕ ਇੱਥੇ ਸਰਕਾਰੀ ਜ਼ੁਬਾਨ ਵਜੋਂ ਹੁਕਮਰਾਨੀ ਕੀਤੀ। ਪੂਰੇ ਹਿੰਦੁਸਤਾਨ ਵਿੱਚ ਈ ਨਹੀਂ, ਨਿੱਕੀਆਂ ਨਿੱਕੀਆ ਰਿਆਸਤਾਂ ਵਿੱਚ ਵੀ ਆਮ ਕਰ ਕੇ ਫ਼ਾਰਸੀ ਜ਼ੁਬਾਨ ਨੂੰ ਈ ਸਰਕਾਰੀ ਜ਼ੁਬਾਨ ਦਾ ਰੁਤਬਾ ਮਿਲਿਆ ਰਿਹਾ। ਅਸਲ ਵਿੱਚ ਫ਼ਾਰਸੀ ਹਿੰਦੁਸਤਾਨ ਵਿੱਚ ਆਵਣ ਤੋਂ ਪਹਿਲਾਂ ਵੀ ਹਜ਼ਾਰਾਂ ਸਾਲ ਤੋਂ ਆਪਣੇ ਇਲਾਕੇ ਵਿੱਚ ਸਰਕਾਰੀ ਤੇ ਤਾਅਲੀਮੀ ਜ਼ੁਬਾਨ ਹੋਣ ਦੇ ਨਾਲ ਨਾਲ ਤਹਿਜ਼ੀਬੀ ਤੇ ਸਕਾਫ਼ਤੀ ਜ਼ੁਬਾਨ ਰਹੀ ਸੀ। ਇਹਦੇ ਵਿੱਚ ਆਲਾ ਪੱਧਰ ਦਾ ਅਦਬ ਵੀ ਮਿਲਦਾ ਸੀ ਤੇ ਆਪਣੇ ਜ਼ਮਾਨੇ ਦੇ ਲਿਹਾਜ਼ ਨਾਲ ਹਰ ਮੌਜ਼ੂ ਉੱਤੇ ਕਿਤਾਬਾਂ ਦਸਤਿਆਬ ਸਨ। ਸ਼ੇਖ਼ ਸਾਅਦੀ ਦੀਆਂ "ਗੁਲਿਸਤਾਨ" ਤੇ "ਬੋਸਤਾਨ" ਅੱਯਾਰ ਦਾਨਿਸ਼ (ਤਰਜੁਮਾ ਕਲੇਲਾ ਦਾਮਨਾ) ਮੌਲਾਨਾ ਰੂਮ ਦੀ ਮਸਨਵੀ, ਹਾਫ਼ਿਜ਼ ਦਾ ਦੀਵਾਨ, ਉਮਰ ਖ਼ਿਆਮ ਦੀਆਂ ਰੁਬਾਈਆਂ ਤੇ ਫ਼ਿਰਦੋਸੀ ਦਾ "ਸ਼ਾਹਨਾਮਾ" ਵਿੱਚੋਂ ਛੋ

ਕਿਤਾਬਾਂ ਉਹ ਨੇਂ ਜਿਹਨਾਂ ਨੂੰ ਸੱਤਾਰ ਤਾਹਿਰ ਹੋਰਾਂ ਦੁਨੀਆ ਦੀਆਂ ਸੋ ਅਜ਼ੀਮ ਕਿਤਾਬਾਂ ਵਿੱਚ ਸ਼ੁਮਾਰ ਕੀਤਾ ਏ । ਇਸ ਫ਼ਹਿਰਿਸਤ ਵਿੱਚ ਇੱਕ ਹੋਰ ਵਾਧਾ ਹੋ ਕੇ ਇੱਕ ਗਿਣਤੀ ਸੱਤ ਹੋ ਜਾਂਦੀ ਏ ਕਿਉਂ ਜੇ ਹਜ਼ਰਤ ਅਲੀ ਹਜਵੇਰੀ (ਦਾਤਾ ਗੰਜ ਬਖ਼ਸ਼) ਹੋਰਾਂ ਲਾਹੋਰ ਆ ਕੇ ਜਦੋਂ ਆਪਣੇ ਅਫ਼ਕਾਰ ਨੂੰ ਲਿਖਤੀ ਰੂਪ ਦੇਣ ਦਾ ਜਤਨ ਕੀਤਾ ਤਾਂ ਫ਼ਾਰਸੀ ਵਿੱਚ "ਕਸ਼ਫ਼ੁਲਮਹਿਜੂਬ" ਲਿਖੀ ਗਈ ।[2]

ਪੰਜਾਬੀ ਫ਼ਾਰਸੀ ਲਿਸਾਨੀ ਰਾਬਤੇ ਕਿੰਨੇ ਪੁਰਾਣੇ ਨੇਂ, ਇਹਦੇ ਬਾਰੇ ਅੰਦਾਜ਼ਾ ਲਾਇਆ ਜਾ ਸਕਦਾ ਏ ਕਿ ਇਹਨਾਂ ਦੀਆਂ ਜੜਾਂ ਤਵਾਰੀਖ਼ ਤੋਂ ਪਹਿਲੇ ਦੋਰ ਵਿੱਚ ਖਿੱਲਰੀਆਂ ਹੋਈਆਂ ਨੇਂ । ਇਬਨਿ ਹਨੀਫ਼ ਹੋਰੀ ਦੱਸਦੇ ਨੇਂ ਕਿ ਲਗ ਭਗ ਚਾਰ ਹਜ਼ਾਰ ਸਾਲ ਪਹਿਲਾਂ ਇਰਾਕ ਵਿੱਚ ਅਜੋਕੇ ਪਾਕਿਸਤਾਨ ਦੇ ਸ਼ਹਿਰਾਂ ਨਾਲ ਸਬੰਧ ਰੱਖਣ ਵਾਲੇ ਤਾਜਰਾਂ ਦੀ ਇੱਕ ਬਸਤੀ ਮੋਜੂਦ ਸੀ । ਇਰਾਕ ਦੇ ਸਾਮੀ ਨਸਲ ਅਕਾਦੀ ਹੁਕਮਰਾਨ ਖ਼ਾਨਦਾਨ (2334 ਕਾਫ਼ ਮੀਮ ਤੋਂ 2193 ਕਾਫ਼ ਮੀਮ) ਦੇ ਜ਼ਮਾਨੇ ਦੀਆਂ ਤਵਾਰੀਖ਼ਾਂ ਵਿੱਚ ਇੱਥੇ ਦੇ ਲੋਕਾਂ ਦਾ ਜ਼ਿਕਰ ਮਿਲਦਾ ਏ ।[3] ਚੇਤੇ ਰਹਿਵੇ ਕਿ ਉਸ ਜ਼ਮਾਨੇ ਵਿੱਚ ਵੀ ਤੇ ਅੱਜ ਵੀ ਬਹੁਤ ਸਾਰੀ ਤਿਜਾਰਤ ਸਮੰਦਰੀ ਰਾਹਵਾਂ ਤੋਂ ਹੁੰਦੀ ਸੀ । ਇੰਜ ਇਰਾਕ ਨੂੰ ਜਾਣ ਵਾਲੇ ਸਮੰਦਰੀ ਜਹਾਜ਼ ਏਰਾਨ ਦੀਆਂ ਬੰਦਰਗਾਹਵਾਂ ਉੱਤੇ ਲੰਗਰ ਅੰਦਾਜ਼ ਹੋ ਕੇ ਅੱਗੇ ਜਾਂਦੇ ਸਨ । ਦੋ ਮੁਲਕਾਂ ਤੇ ਦੋ ਕੋਮਾਂ ਦੇ ਲੈਣ ਦੇਣ ਨਾਲ ਯਕੀਨੀ ਤੋਰ ਜ਼ੁਬਾਨ ਵਿੱਚ ਥੋੜੇ ਬਹੁਤ ਅਸਰ ਸ਼ਾਮਿਲ ਹੋਏ ਹੋਣ ਗੇ ਪਰ ਉਹ ਯਕੀਨੀ ਤੋਰ ਇਨੇ ਜ਼ਿਆਦਾ ਨਹੀਂ ਸਨ ਕਿ ਕਿਸੇ ਗਿਣਤੀ ਵਿੱਚ ਆਉਂਦੇ । ਕਿਉਂ ਜੇ ਕਿਸੇ ਕੋਮ ਦੇ ਥੋੜੇ ਲੋਕ ਈ ਤਿਜਾਰਤ ਦੀ ਗ਼ਰਜ਼ ਨਾਲ ਦੂਜੇ ਦੇਸਾਂ ਨੂੰ ਜਾਂਦੇ ਹੁੰਦੇ ਨੇਂ । ਅਸੀਂ ਗਵੇੜ ਲਾ ਸਕਦੇ ਆਂ ਕਿ ਏਰਾਨ ਤੋਂ ਆਉਣ ਵਾਲੀਆਂ ਕੁਝ ਚੀਜ਼ਾਂ ਦੇ ਫ਼ਾਰਸੀ ਨਾਂ ਈ ਉਸ ਸਮੇ ਦੀ ਪੰਜਾਬੀ ਵਿੱਚ ਸ਼ਾਮਿਲ ਹੋਏ ਹੋਵਣ ਗੇ । ਇਹੀ ਸੂਰਤ ਫ਼ਾਰਸੀ ਜ਼ੁਬਾਨ ਵਿੱਚ ਪੰਜਾਬੀ ਅਸਰਾਤ ਬਾਰੇ ਵੀ ਰਹੀ ਹੋਵੇ ਗੀ ।

ਕਬਲ ਮਸੀਹ ਸਮੇ ਵਿੱਚ ਸਾਨੂੰ ਏਰਾਨ ਤੇ ਪੰਜਾਬ ਦੇ ਸਬੰਧਾਂ ਬਾਰੇ ਹੋਰ ਠਿੱਗਰ ਸਬੂਤ ਮਿਲਦੇ ਨੇਂ । ਏਰਾਨ ਦੇ ਬਾਦਸ਼ਾਹ ਦਾਰਾ (521 ਕਾਫ਼ ਮੀਮ ਤੋਂ 585 ਕਾਫ਼ ਮੀਮ) ਨੇ ਮੁਖ਼ਤਲਿਫ਼ ਇਲਾਕਿਆਂ ਨੂੰ ਫ਼ਤਿਹ ਕਰਨ ਲਈ ਇੱਕ ਵੱਡਾ ਪਰੋਗਰਾਮ ਤਰਤੀਬ ਦਿੱਤਾ ਜਿਹਦੇ ਬਾਅਦ ਮੁਖ਼ਤਲਿਫ਼ ਇਲਾਕਿਆਂ ਉੱਤੇ ਹਮਲੇ ਕਰ ਕੇ ਜਹਿਲਮ ਦਰਿਆ ਤੀਕਰ ਦਾ ਇਲਾਕਾ ਆਪਣੀ ਸਲਤੰਤ ਵਿੱਚ ਸ਼ਾਮਿਲ ਕਰ ਲਿਆ । ਉਸ ਸਮੇ ਏਰਾਨ ਵਿੱਚ 27 ਸੂਬੇ ਸਨ, ਜਿਹਨਾਂ ਵਿੱਚੋਂ ਇੱਕ ਪੰਜਾਬੀ ਵੀ ਸੀ ।[4]

ਦਾਰਾ ਦੇ ਹਮਲੇ ਨੂੰ ਪੰਜਾਬੀ ਉੱਤੇ ਫ਼ਾਰਸੀ ਅਸਰਾਤ ਦਾ ਪਹਿਲਾ ਰੇਲਾ ਆਖਿਆ ਜਾਵੇ ਤਾਂ ਗ਼ਲਤ ਨਹੀਂ ਹੋਵੇ ਗਾ । ਪੰਜਾਬੀ ਦੇ ਏਰਾਨੀ ਸਰਕਾਰ ਦਾ ਇੱਕ ਹਿੱਸਾ ਬਣ ਜਾਵਣ ਨਾਲ ਇੱਥੇ ਫ਼ਾਰਸੀ ਅਸਰਾਤ ਯਕੀਨੀ ਤੋਰ ਆਏ ਹੋਣ ਗੇ । ਉਸ ਜ਼ਮਾਨੇ ਵਿੱਚ ਫ਼ਾਰਸੀ ਵਾਸਤੇ ਜਿਹੜੀ ਬੋਲੀ ਨੂੰ ਮਰਕਜ਼ੀ ਅਹਿਮੀਅਤ ਹਾਸਿਲ ਸੀ, ਉਹਨੂੰ "ਪਹਿਲਵੀ" ਆਖਿਆ ਜਾਂਦਾ ਏ । ਮੋਲਾਨਾ ਰੂਮ ਦੀ ਮਸਨਵੀ ਜੋ ਫ਼ਾਰਸੀ ਜ਼ੁਬਾਨ ਵਿੱਚ ਏ, ਉਹਦੇ ਬਾਰੇ ਆਖਿਆ ਗਿਆ ਏ:

ਮਸਨਵੀ, ਮੋਲਵੀ, ਮਾਅਨਵੀ
ਹਸਤ ਕੁਰਾਂ ਦਰ ਜ਼ੁਬਾਨਿ ਪਹਿਲਵੀ

ਦਾਰਾ ਦੇ ਬਾਅਦ ਸਿਕੰਦਰ ਯੂਨਾਨੀ ਦੇ ਹਮਲੇ ਨੇ ਵੀ ਪੰਜਾਬ ਉੱਤੇ ਅਸਰ ਛੱਡੇ । ਜੰਗ ਤੋਂ ਤੰਗ ਆਏ ਹੋਏ ਉਹਦੇ ਕੁਝ ਜਰਨੈਲ ਵਾਪਿਸ ਪਰਤਣ ਦੀ ਬਿਜਾਏ ਸਿਆਲਕੋਟ ਤੇ ਲਾਗਵੇਂ ਇਲਾਕਿਆਂ ਵਿੱਚ ਸਦਾ ਲਈ ਰਹਿ ਪਏ ਤੇ ਇੰਜ ਪੰਜਾਬ ਵਿੱਚ ਯੂਨਾਨੀ ਅਸਰ ਵਧੇ ।

ਫ਼ਾਰਸੀ ਅਸਰਾਤ ਦਾ ਦੂਜਾ ਰੇਲਾ ਪੰਜਾਬ ਵਿੱਚ ਉਦੋਂ ਆਇਆ ਜਦੋਂ ਮਹਿਮੂਦ ਗ਼ਜ਼ਨਵੀ ਦੇ ਹਮਲਿਆਂ ਦਾ ਆਗ਼ਾਜ਼ ਹੋਇਆ । ਬਾਅਦੋਂ ਮਹਿਮੂਦ ਨੇ ਲਾਹੋਰ ਨੂੰ ਆਪਣੀ ਸਲਤਨਤ ਦਾ ਇੱਕ ਹਿੱਸਾ ਵੀ ਬਣਾ ਲਿਆ । ਲਾਹੋਰ ਦੇ ਇਲਾਕੇ ਦੀ ਗ਼ਜ਼ਨਵੀ ਹਕੂਮਤ ਨਾਲ ਜੁੜਤ ਨੇ ਪੰਜਾਬ ਦੀ ਜ਼ੁਬਾਨ ਉੱਤੇ ਫ਼ਾਰਸੀ ਜ਼ੁਬਾਨ ਦੇ ਅਸਰਾਤ ਦਾ ਮੁੱਢ ਬੰਨ੍ਹ ਦਿੱਤਾ । ਇਹ ਜੁੜਤ 1021 ਈਸਵੀ ਵਿੱਚ ਹੋਈ ਸੀ ।[5]

ਉਸ ਜ਼ਮਾਨੇ ਵਿੱਚ ਰਿਆਸਤੀ ਮੁਆਮਲੇ ਅੱਜ ਵਾਂਗੂ ਖਲਾਰਵੇਂ ਨਹੀਂ ਸਨ ਪਰ ਜਿੰਨੇ ਵੀ ਸਨ, ਮਹਿਮੂਦ ਦੀ ਸਲਤੰਤ ਵਿੱਚ ਸਾਰਾ ਕੰਮ ਕਾਜ ਫ਼ਾਰਸੀ ਜ਼ੁਬਾਨ ਰਾਹੀਂ ਈ ਹੁੰਦਾ ਸੀ । ਮਹਿਮੂਦ ਨੇ ਤਿਲਕ ਸਮੇਤ ਬਹੁਤ ਸਾਰੇ ਮਕਾਮੀ ਲੋਕਾਂ ਨੂੰ ਆਪਣੀ ਸਰਕਾਰ ਵਿੱਚ ਮੁਖ਼ਤਲਿਫ਼ ਅਹੁਦੇ ਦਿੱਤੇ ।

ਅੱਜ ਸਿੰਧ ਦੇ ਬਾਅਦ ਪੰਜਾਬ ਵਿੱਚ ਵੀ ਮੁਸਲਮਾਨਾਂ ਦੀ ਆਵਾ ਜਾਈ ਸ਼ੁਰੂ ਹੋ ਗਈ । ਵੇਖਿਆ ਜਾਵੇ ਤਾਂ ਸਿੰਧ ਤੇ ਪੰਜਾਬ ਵਿੱਚ ਮੁਸਲਮਾਨਾਂ ਦੀ ਆਮਦ ਨੇ ਜ਼ੁਬਾਨ ਦੀ ਪੱਧਰ ਉੱਤੇ ਮੁਖ਼ਤਲਿਫ਼ ਅਸਰ ਮੁਰੱਬਤ ਕੀਤੇ । ਕਿਉਂ ਜੇ ਸਿੰਧ ਵਿੱਚ ਅਰਬੀ ਅਸਰਾਤ ਜ਼ਿਆਦਾ ਆਏ ਜਦ ਕਿ ਪੰਜਾਬ ਵਿੱਚ ਫ਼ਾਰਸੀ ਅਸਰਾਤ ਜ਼ਿਆਦਾ ਸਨ । ਸਈਦ ਹਮੀਦੁੱਦੀਨ ਕਾਦਰੀ ਸ਼ਰਫ਼ੀ "ਪੰਜਾਬੀ ਮੇਂ ਉਰਦੂ" ਦੇ ਹਵਾਲੇ ਨਾਲ ਲਿਖਦੇ ਨੇਂ:

"ਮੁਸਲਮਾਨੋ ਕੇ ਪੰਜਾਬ ਸੇ ਤਅੱਲੁਕਾਤ ਸਬ ਸੇ ਪਹਿਲੇ ਕਾਇਮ ਹੂਏ । ਇਸੀ ਵਜਾ ਸੇ ਹਿੰਦੀ ਜ਼ਬਾਨੋਂ ਮੇਂ ਪੰਜਾਬੀ ਕੋ ਮੁਸਲਮਾਨੋਂ ਕੀ ਸਰਪਰਸਤੀ ਕਾ ਏਜ਼ਾਜ਼ ਹਾਸਿਲ ਹੈ । ਬਾਅਦਾ ਦਹਿਲੀ ਔਰ ਅਤਰਾਫ਼ੋ ਅਕਨਾਫ਼ ਕੀ ਹਿੰਦੀ ਜ਼ੁਬਾਨੋਂ ਕੇ ਨਾਮ ਆਤੇ ਹੈਂ । ਹਿੰਦੁਸਤਾਨੀ ਜ਼ੁਬਾਨੋਂ ਕੀ ਸਰਪਰਸਤੀ ਸੂਫ਼ੀਆ ਔਰ ਮਸ਼ਾਇਖ਼ ਅੱਜ਼ਾਮ ਨੇ ਭਰਪੂਰ ਅੰਦਾਜ਼ ਸੇ ਕੀ । ਉਨਹੋ ਨੇ ਅਪਨੀ ਤਾਅਲੀਮਾਤ ਕੀ ਤਰਵੀਜੋ ਇਸ਼ਾਅਤ ਕੇ ਲੀਏ ਬੇਰੂਨੀ ਔਰ ਹਿੰਦੁਸਤਾਨੀਓਂ ਕੇ ਲੀਏ ਨਾਮਾਨੂਸ ਜ਼ੁਬਾਨੋਂ ਕੀ ਬਿਜਾਏ ਮਕਾਮੀ ਜ਼ੁਬਾਨੋਂ ਕੋ ਤਰਜੀਹ ਦੀ । ਇਸ ਜ਼ਿਮਨ ਮੇਂ ਹਜ਼ਰਤ ਬਾਬਾ ਸ਼ੇਖ਼ ਫ਼ਰੀਦੁੱਦੀਨ ਮਸਓਦ ਗੰਜ ਸ਼ਕਰ, ਹਜ਼ਰਤ ਖ਼ਵਾਜਾ ਨਿਜ਼ਾਮੁੱਦੀਨ ਔਲੀਆ, ਹਜ਼ਰਤ ਅਮੀਰ ਖ਼ੁਸਰੋ ਕੇ ਨਾਮ ਲੀਏ ਜਾ ਸਕਤੇ ਹੈਂ ।"[6]

ਵੇਲੇ ਦੇ ਨਾਲ ਨਾਲ ਪੰਜਾਬ ਉੱਤੇ ਮੁਸਲਮਾਨ ਤੇ ਫ਼ਾਰਸੀ ਅਸਰ ਵੱਧਦੇ ਚਲੇ ਗਏ । ਮਹਿਮੂਦ ਗ਼ਜ਼ਨਵੀ ਦੇ ਬਾਅਦ ਪੰਜਾਬ ਕਿਸੇ ਨਾ ਕਿਸੇ ਅੰਦਾਜ਼ ਨਾਲ ਮਗ਼ਰਬੀ ਮੁਸਲਮਾਨ ਹਕੂਮਤਾ ਦਾ ਈ ਹਿੱਸਾ ਰਿਹਾ । ਮੁਸਲਮਾਨ ਮਸ਼ਰਿਕ ਵਲ ਪੱਸਰਦੇ ਲਗੇ ਗਏ ਤੇ ਕਈ ਸੌ ਸਾਲ ਬਾਅਦੋਂ ਇੱਕ ਵੇਲਾ ਆਇਆ ਜਦੋਂ ਹਿੰਦੁਸਤਾਨ ਵਿੱਚ ਮੁਸਲਮਾਨਾਂ ਦੀ ਹਕੂਮਤ ਆਪਣੀਆਂ ਆਖ਼ਰੀ ਹੱਦਾਂ ਤੀਕਰ ਖਿੱਲਰ ਗਈ । ਮਸ਼ਰਿਕ ਵਿੱਚ ਆਸਾਮ ਤੇ ਬੰਗਾਲ, ਜਨੂਬ ਵਿੱਚ ਦੱਕਨ ਦੇ ਇਲਾਕੇ ਤੇ ਮਗ਼ਰਿਬ ਵਿੱਚ ਏਰਾਨ ਦੀਆਂ ਸਰਹਦਾਂ ਤੀਕਰ ਮੁਸਲਮਾਨ ਹੁਕਮਰਾਨਾਂ ਦਾ ਸਿੱਕਾ ਚਲਦਾ ਸੀ । ਹੁਣ ਪੰਜਾਬ, ਹਿੰਦੁਸਤਾਨ ਦੀ ਮੁਸਲਮਾਨ ਹਕੂਮਤ ਦਾ ਇੱਕ ਹਿੱਸਾ ਸੀ ਤੇ ਇਹ ਸੂਰਤਿਹਾਲ ਕਿਸੇ ਨਾ ਕਿਸੇ ਅੰਦਾਜ਼ ਨਾਲ ਮੁਗ਼ਲਾਂ ਦੇ ਜ਼ਵਾਲ ਦੇ ਜ਼ਮਾਨੇ ਤੀਕਰ ਬਰਕਰਾਰ ਰਹੀ ।

ਮੁਗ਼ਗਲਾਂ ਦੇ ਜ਼ਵਾਲ ਮਗਰੋਂ ਕੁਝ ਚਿਰ ਲਈ ਪੰਜਾਬ ਵਿੱਚ ਸਿੱਖ ਹਕੂਮਤ ਕਾਇਮ ਹੋਈ ਜਿਹਦੇ ਮਗਰੋਂ 1849 ਵਿੱਚ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਜਿਹਰਾ 98 ਸਾਲ ਤੀਕਰ ਬਰਕਰਾਰ ਰਿਹਾ । ਅੰਗਰੇਜ਼ੀ ਪਸਾਰ ਮਗਰੋਂ ਇੱਥੇ ਥੱਲੜੀ ਪੱਧਰ ਉੱਤੇ ਉਰਦੂ ਤੇ ਉਤਲੀ ਪੱਧਰ ਉੱਤੇ ਅੰਗਰੇਜ਼ੀ ਦਾ ਸਿੱਕਾ ਰਵਾਂ ਰਿਹਾ । ਇੰਜ 1021 ਈਸਵੀ ਤੋਂ ਲੈ ਕੇ 1849 ਈਸਵੀ ਤਕ ਯਾਨੀ 828 ਸਾਲ ਦਾ ਸਮਾਂ ਉਹ ਏ ਜਦੋਂ ਪੰਜਾਬ ਉੱਤੇ ਫ਼ਾਰਸੀ ਅਸਰਾਤ ਸ਼ੁਰੂ ਹੋਏ ਤੇ ਆਪਣੀ ਇੰਤਹਾ ਤੀਕ ਪਹੁੰਚੇ । ਇਸ ਦੌਰਾਨ ਜ਼ਿਆਦਾ ਤਰ ਹਿੱਸਾ ਉਹ ਏ ਜਦੋਂ ਫ਼ਾਰਸੀ ਸਰਕਾਰੀ ਜ਼ੁਬਾਨ ਵਜੋਂ ਹਰ ਥਾਂ ਪਰਧਾਨ ਰਹੀ । ਅੱਜ ਦੀ ਅੰਗਰੇਜ਼ੀ ਵਾਂਗ ਇਹਦਾ ਜਾਨਣਾ ਅਤੇ ਪੜ੍ਹਨਾ ਲਿਖਣਾ ਇਲਮੀਅਤ ਤੇ ਵਕਾਰ ਦੀ ਅਲਾਮਤ ਰਿਹਾ । ਇਨੇ ਚਿਰ ਵਿੱਚ ਪੰਜਾਬੀ ਜ਼ੁਬਾਨ ਉੱਤੇ ਜਿਹੜੇ ਅਸਰਾਤ ਹੋਏ, ਉਹਨਾਂ ਦਾ ਇੱਕ ਲੰਮਾ ਚੌੜਾ ਸਿਲਸਿਲਾ ਏ ਦਜਹਦੀ ਜਾਂਚ ਪਰਚੋਲ ਸੋਖਾ ਕੰਮ ਨਹੀਂ । ਇਸ ਲੇਖ ਵਿੱਚ ਮੈਂ ਜਤਨ ਕੀਤਾ ਏ ਕਿ ਉਹਨਾਂ ਅਸਰਾਤ ਦਾ ਮੁਖ਼ਤਸਰ ਜਿਹਾ ਜਾਇਜ਼ਾ ਲਿਆ ਜਾਵੇ ਜਿਹੜੇ ਬੜੇ ਆਮ ਤੇ ਉੱਘੜਵੇਂ ਨੇਂ । ਜਿਵੇਂ ਕਿ ਪਿੱਛੇ ਜ਼ਿਕਰ ਹੋਇਆ ਏ, ਸਾਡੇ ਦੇਸ ਤੇ ਜ਼ੁਬਾਨ ਦੇ ਨਾਂ ਯਾਨੀ "ਪੰਜਾਬ" ਤੇ "ਪੰਜਾਬੀ" ਦੋਵੇਂ ਈ ਫ਼ਾਰਸੀ ਲਫ਼ਜ਼ ਨੇਂ । ਪੰਜਾਬ ਦਾ ਇੱਕ ਹੋਰ ਨਾਂ ਯਾਨੀ "ਪੰਜਨਦ" ਵੀ ਫ਼ਾਰਸੀ ਦੀ ਈ ਦੇਣ ਏ । ਪੰਜਾਬੀ ਜ਼ੁਬਾਨ ਅੱਜ ਦੋ ਵੱਡੀਆਂ ਲਿੱਪੀਆਂ ਵਿੱਚ ਲਿਖੀ ਜਾ ਰਹੀ ਏ । ਇਹਨਾਂ ਵਿੱਚੋਂ ਸ਼ਾਹਮੁਖੀ ਅਸਲੋਂ ਫ਼ਾਰਸੀ ਰਸਮੁਲਖ਼ਤ ਏ ਜਿਹਦੇ ਵਿੱਚ ਕੁਝ ਵਾਧੇ ਕਰ ਕੇ ਇਹਨੂੰ ਪੰਜਾਬੀ ਲਈ ਅਪਣਾ ਲਿਆ ਗਿਆ ਏ ਤੇ ਲਹਿੰਦੇ ਪੰਜਾਬ ਵਿੱਚ ਇਹੋ ਰਸਮੁਲਖ਼ਤ ਪਰਧਾਨ ਏ ।

ਸਾਡੀ ਅੱਜ ਦੀ ਆਮ ਬੋਲ ਚਾਲ ਵਿੱਚ ਸੈਂਕੜੇ ਨਹੀਂ ਸਗੋਂ ਹਜ਼ਾਰਾਂ ਅਜਿਹੇ ਲਫ਼ਜ਼ ਨੇਂ ਜਿਹੜੇ ਫ਼ਾਰਸੀ ਨੇਂ ਯਾਂ ਫ਼ਿਰ ਫ਼ਾਰਸੀ ਲਫ਼ਜ਼ਾਂ ਦਾ ਵਿਗੜਿਆ ਹੋਇਆ ਰੂਪ ਨੇਂ ਤੇ ਸਾਨੂੰ ਉਹ ਲਫ਼ਜ਼ ਬੋਲਦਿਆਂ ਅਹਿਸਾਸ ਵੀ ਨਹੀਂ ਹੁੰਦਾ ਕਿ ਉਹ ਫ਼ਾਰਸੀ ਦੇ ਨੇਂ, ਜਿਵੇਂ ਕਿ ਪੰਜਾਂ ਨਮਾਜ਼ਾਂ ਵਿੱਚੋਂ ਜ਼ੁਹੁਰ ਵਾਸਤੇ ਪੇਸ਼ੀਂ ਦਾ ਲਫ਼ਜ਼ ਫ਼ਾਰਸੀ ਦਾ ਏ ਜਿਹਨੂੰ ਸਾਡੇ ਪਿੰਡਾਂ ਵਿੱਚ ਅਜੇ ਵੀ "ਪੇਸ਼ੀ" ਦੀ ਨਮਾਜ਼ ਆਖਿਆ ਜਾਂਦਾ ਏ । ਅਸਰ ਵਾਸਤੇ ਪੰਜਾਬੀ ਵਿੱਚ "ਡੀਗਰ" ਦੀ ਨਮਾਜ਼ ਦਾ ਲਫ਼ਜ਼ ਪਰਚਲੱਤ ਰਿਹਾ ਏ ਜਿਹੜਾ ਫ਼ਾਰਸੀ "ਨਮਾਜ਼ ਦੀਗਰ", ਇਸ਼ਾਅ ਵਾਸਤੇ ਫ਼ਾਰਸੀ ਵਿੱਚ ਖ਼ੁਫ਼ਤਨ ਦਾ ਲਫ਼ਜ਼ ਏ ਜਿਹੜਾ ਪੰਜਾਬੀ ਵਿੱਚ ਆ ਕੇ "ਕੁਫ਼ਤਾਂ" ਬਣ ਗਿਆ ਏ ।

ਪਿੰਡਾਂ ਦੀਆਂ ਸਵਾਣੀਆਂ ਦੀ ਆਮ ਬੋਲ ਚਾਲ ਵਿੱਚ ਬਹੁਤ ਸਾਰੇ ਅਜਿਹੇ ਲਫ਼ਜ਼ ਅਜੇ ਵੀ ਮਿਲਦੇ ਨੇਂ ਜਿਹੜੇ ਫ਼ਾਰਸੀ ਲਫ਼ਜ਼ਾਂ ਦਾ ਵਟਿਆ ਹੋਇਆ ਰੂਪ ਨੇਂ । ਅਜੇ ਕਲ ਦੀ ਗੱਲ ਲਗਦੀ ਏ ਕਿ ਪਿਆਲਾ ਵਾਸਤੇ ਲਫ਼ਜ਼ "ਬਾਦੀਆ" ਆਮ ਬੋਲਿਆ ਜਾਂਦਾ ਸੀ । "ਬਾਦ" ਦਾ ਲਫ਼ਜ਼ ਸਾਡੇ ਇੱਥੇ ਹਵਾ ਵਾਸਤੇ ਨਹੀਂ ਵਰਤਿਆ ਜਾਂਦਾ ਪਰ "ਬਾਦੀ" ਦਾ ਲਫ਼ਜ਼ ਆਮ ਬੋਲਿਆ ਤੇ ਸਮਝਿਆ ਜਾਂਦਾ ਏ । ਕਪੜਾ ਵੇਚਣ ਵਾਲੇ ਨੂੰ "ਬਜਾਜ" ਕਹਿਣ ਵਾਲੇ ਅਜੇ ਵੀ ਮੌਜੂਦ ਨੇਂ । ਇਹ ਲਫ਼ਜ਼ ਫ਼ਾਰਸੀ "ਬਜ਼ਾਜ਼" ਦਾ ਵਟਿਆ ਰੂਪ ਏ । ਲਫ਼ਜ਼ "ਝਾੜੂ" ਬੋਲਣ ਵਾਲੇ ਦੇ ਵਹਿਮੋ ਗੁਮਾਨ ਵਿੱਚ ਵੀ ਨਹੀਂ ਆ ਸਕਦਾ ਕਿ ਇਹ ਫ਼ਾਰਸੀ ਲਫ਼ਜ਼ "ਜਾਰੂਬ" ਤੋਂ ਬਣਿਆ ਏ । ਦਿਨ ਨਾਪਣ ਦੇ ਦੋ ਪੈਮਾਨੇ ਯਾਨੀ "ਸਰਘੀ" ਤੇ "ਨਮਾਸ਼ਾਂ" ਜਿੜੇ ਅਜੇ ਵੀ ਪਰਚਲੱਤ ਨੇਂ, ਇਹ ਵੀ ਫ਼ਾਰਸੀ ਤੋਂ ਆਏ ਨੇਂ । ਇਹਨਾਂ ਵਿੱਚੋਂ ਸਰਘੀ ਅਸਲ ਵਿੱਚ "ਸਹਿਰਗੀ" ਏ ਜਦ ਕਿ "ਨਮਾਸ਼ਾਂ" ਅਸਲੋਂ "ਨੀਮ ਸ਼ਾਮ" ਤੋਂ ਬਣਿਆ ਏ । ਲਫ਼ਜ਼ "ਖੁੱਸਰਾ" ਦਾ ਮੁੱਢ ਕਦੀ ਵੀ ਸੌਖਿਆਈ ਨਾਲ ਨਹੀਂ ਦੱਸਿਆ ਜਾ ਸਕਦਾ ਜੋ ਫ਼ਾਰਸੀ ਲਫ਼ਜ਼ "ਖ਼ਵਾਜਾ ਸਰਾ" ਤੋਂ ਬਣਿਆ ਏ । ਅੰਦਾਜ਼ਾ ਏ ਕਿ ਪਹਿਲਾਂ ਇਹ "ਖੱਜ ਸਰਾ" ਤੇ ਮਗਰੋਂ

"ਖ਼ੁੱਸਰਾ" ਬਣ ਗਿਆ ਹੋਵੇ । ਤਰਬੂਜ਼ ਵਾਸਤੇ ਸਾਡੇ ਕੋਲ ਕਿੰਨੇ ਸਾਰੇ ਲਫ਼ਜ਼ ਨੇਂ ਪਰ ਖ਼ਾਲਿਸ ਪੰਜਾਬੀ ਵਿੱਚ ਲਫ਼ਜ਼ ਸ਼ਾਇਦ "ਮਤੀਰਾ" ਈ ਏ । ਹਦਵਾਣਾ ਜਿਹੜਾ ਅਸੀਂ ਆਮ ਬੋਲਦੇ ਆਂ, ਫ਼ਾਰਸੀ "ਹੰਦਵਾਨਾ" ਤੋਂ ਏ, ਸਗੋਂ ਖ਼ਰਬੂਜ਼ਾ ਵੀ "ਖ਼ਰਪਜ਼ਾ" ਤੋਂ ਵਿਗੜ ਕੇ ਬਣਿਆ ਏ ।

ਆਮ ਕਰ ਕੇ ਕੋਈ ਵੀ ਜ਼ੁਬਾਨ ਦੂਜੀ ਜ਼ੁਬਾਨ ਕੋਲੋਂ ਨਾਂ ਯਾਨੀ ਇਸਮ (Nouns) ਈ ਉਧਾਰ ਲੈਂਦੀ ਏ ਤੇ ਗਰੈਮਰ ਉੱਤੇ ਦੂਜੀ ਜ਼ੁਬਾਨ ਦਾ ਅਸਰ ਨਹੀਂ ਹੁੰਦਾ । ਕਿਸੇ ਜ਼ੁਬਾਨ ਦੇ ਦੂਜੀ ਜ਼ੁਬਾਨ ਉੱਤੇ ਅਸਰਾਤ ਦੀ ਇੰਤਹਾ ਇਹ ਹੁੰਦੀ ਏ ਕਿ ਜ਼ੁਬਾਨ ਦੀ ਗਰੈਮਰ ਵੀ ਮੁਤਾਸਿਰ ਹੋਏ ਬਿਨਾ ਨਹੀਂ ਰਹਿੰਦੀ । ਪੰਜਾਬੀ ਫ਼ਾਰਸੀ ਦੇ ਮੁਆਮਲੇ ਵਿੱਚ ਸਾਨੂੰ ਇਹ ਅਸਰਾਤ ਆਪਣੀ ਇੰਤਹਾ ਉੱਤੇ ਨਜ਼ਰ ਆਉਂਦੇ ਨੇਂ । ਸ਼ਾਹ ਹੁਸੈਨ ਦਾ ਮਸ਼ਹੂਰ ਮਿਸਰਾ ਏ: ਕੱਢ ਕਲੇਜਾ ਕੀਤਮ ਬੇਰੇ, ਸੋ ਭੀ ਲਾਇਕ ਨਾਹੀਂ ਤੇਰੇ..... ਲਫ਼ਜ਼ ਯਾਂ ਫ਼ਿਅਲ ਦੇ ਨਾਲ "ਮੀਮ" ਦਾ ਅੱਖਰ ਲਾ ਕੇ ਇਹਨੂੰ "ਮੈਂ" ਨਾਲ ਮਨਸੂਬ ਕਰਨਾ ਫ਼ਾਰਸੀ ਤਰੀਕਾ ਏ । ਅੱਜ ਵੀ ਲਹਿੰਦੇ ਪੰਜਾਬ ਵਿੱਚ ਇਸ ਅੰਦਾਜ਼ ਦੇ ਲਫ਼ਜ਼ ਆਮ ਬੋਲੇ ਜਾਂਦੇ ਨੇਂ । ਸਗੋਂ ਠੇਠ ਪੰਜਾਬੀ ਲਫ਼ਜ਼ਾਂ ਨਾਲ ਵੀ "ਮੀਮ" ਲਾ ਲਈ ਜਾਂਦੀ ਏ ਜਿਵੇਂ ਡਿੱਠਮ, ਕੀਤਮ, ਰਹਿਅਮ, ਸਤਾਇਮ, ਲਾਇਮ, ਪਾਇਮ, ਵੰਜਾਇਮ, ਖਾਦਮ ਵਗ਼ੈਰਾ ।

ਮੁਹੰਮਦ ਆਸਿਫ਼ ਖ਼ਾਂ ਹੋਰਾਂ ਆਪਣੀ ਕਿਤਾਬ "ਕੰਨ ਲੇਖਾ" ਵਿੱਚ ਦੱਸਿਆ ਏ ਕਿ ਫ਼ਾਰਸੀ ਦੇ ਮਸਦਰਾਂ ਦੀ ਗਿਣਤੀ ਬਹੁਤ ਜ਼ਿਆਦਾ ਨਹੀਂ ਜਦ ਕਿ ਪੰਜਾਬੀ ਵਿੱਚ ਢਾਈ ਹਜ਼ਾਰ ਦੇ ਲਗ ਭਗ ਮਸਦਰ ਵਰਤੇ ਜਾਂਦੇ ਨੇਂ । ਇਹਦੇ ਬਾਵਜੂਦ ਪੰਜਾਬੀ ਦੇ ਕਈ "ਫ਼ਿਅਲ" ਫ਼ਾਰਸੀ ਦੇ ਕਿਸੇ ਮਸਦਰ ਵਿੱਚੋਂ ਨਿਕਲੇ ਨਜ਼ਰ ਆਉਂਦੇ ਨੇਂ ਜਿਵੇਂ ਕਰਣ (ਕਰਣੀ, ਕਰਣਾ).....

ਆਵਾਜ਼ਾਂ ਦਾ ਲਿਹਾਜ਼ ਨਾਲ ਫ਼ਾਰਸੀ ਤੇ ਅਰਬੀ ਜ਼ੁਬਾਨਾਂ ਕੋਈ ਇਡੀਆਂ ਅਮੀਰ ਨਹੀਂ । ਇਹੋ ਗੱਲ ਅੱਜ ਵੀ ਤਰੱਕੀ ਯਾਫ਼ਤਾ ਜ਼ੁਬਾਨ ਅੰਗਰੇਜ਼ੀ ਬਾਰੇ ਵੀ ਸੱਚ ਏ । ਬਰਿਸਗ਼ੀਰ ਦੀਆਂ ਜ਼ੁਬਾਨਾਂ ਖ਼ਾਸ ਕਰ ਕੇ ਪੰਜਾਬੀ ਤੇ ਸਿੰਧੀ ਇਸ ਮੁਆਮਲੇ ਵਿੱਚ ਬੜੀ ਰੰਗਾ ਰੰਗੀ ਰੱਖਦੀਆਂ ਨੇਂ । ਫ਼ਾਰਸੀ ਵਿੱਚ ਚਾਰ ਆਵਾਜ਼ਾਂ ਅਰਬੀ ਨਾਲੋਂ ਵੱਧ ਨੇਂ ਯਾਨੀ ਪੇ, ਚੇ, ਯੇ ਤੇ ਗਾਫ਼ । ਪੰਜਾਬੀ ਵਿੱਚ ਇਹ ਚਾਰੇ ਆਵਾਜ਼ਾਂ ਮੌਜੂਦ ਨੇਂ । ਇਹਨਾਂ ਤੋਂ ਵੱਖ ਪੰਦਰ੍ਹਾਂ ਤੇ "ਣ" ਦੀ ਆਵਾਜ਼ ਵੀ ਮੌਜੂਦ ਏ । ਫ਼ਾਰਸੀ ਲਿਖਾਵਟ ਵਿੱਚ ਹਰਫ਼ਾਂ ਦੀ ਗਿਣਤੀ 32 ਏ ਜਦ ਕਿ ਪੰਜਾਬੀ ਵਿੱਚ ਜੇ ਸਾਰੀਆਂ ਆਵਾਜ਼ਾਂ ਤੇ ਹਰਫ਼ਾਂ ਨੂੰ ਗਿਣਿਆ ਜਾਵੇ ਤਾਂ ਇਹ ਗਿਣਤੀ 53 ਤੀਕ ਜਾ ਅੱਪੜਦੀ ਏ ।

ਸਾਹਤ ਰਾਹੀਂ ਵੇਖਿਆ ਜਾਵੇ ਤਾਂ ਪੰਜਾਬੀ ਵਿੱਚ ਫ਼ਾਰਸੀ ਅਸਰਾਤ ਇੱਕ ਦਮ ਨਹੀਂ ਸਗੋਂ ਤਦਰੀਜ ਨਾਲ ਆਉਂਦੇ ਵਖਾਲੀ ਦੇਂਦੇ ਨੇਂ । ਪੰਜਾਬੀ ਦਾ ਬਾਕਾਇਦਾ ਪਹਿਲੇ ਸ਼ਾਇਰ ਹਜ਼ਰਤ ਬਾਬਾ ਫ਼ਰੀਦ ਦੇ ਕਲਾਮ ਵਿੱਚ ਫ਼ਾਰਸੀ ਲਫ਼ਜ਼ ਘੱਟ ਨੇਂ, ਸ਼ਾਹ ਹੁਸੈਨ ਕੋਲ ਕੁਝ ਜ਼ਿਆਦਾ ਜਦ ਕਿ ਕਲਾਸੀਕੀ ਦੌਰ ਦੇ ਅੰਤਲੇ ਸ਼ਾਇਰਾਂ ਮੀਆਂ ਮੁਹੰਮਦ ਬਖ਼ਸ਼, ਗ਼ੁਲਾਮ ਰਸੂਲ ਆਲਮਪੂਰੀ ਤੇ ਖ਼ਵਾਜਾ ਫ਼ਰੀਦ ਦੇ ਕੋਲ ਫ਼ਾਰਸੀ ਅਸਰਾਤ ਆਪਣੀ ਇੰਤਹਾ ਤੀਕ ਅੱਪੜੇ ਨਜ਼ਰ ਆਉਂਦੇ ਨੇਂ ।

ਬਾਬਾ ਫ਼ਰੀਦ ਪੰਜਾਬੀ ਦੇ ਪਹਿਲੇ ਬਾਕਾਇਦਾ ਸ਼ਾਇਰ ਮੰਨੇ ਜਾਂਦੇ ਨੇਂ । ਉਹਨਾਂ ਦੇ ਕਲਾਮ ਵਿੱਚ ਸਾਨੂੰ ਬਹੁਤ ਥੋੜੇ ਲਫ਼ਜ਼ ਅਜਿਹੇ ਮਿਲਦੇ ਨੇਂ ਜਿਹੜੇ ਫ਼ਾਰਸੀ ਦੇ ਨੇਂ । ਇਹਨਾਂ ਦੀ ਗਿਣਤੀ ਦੋ ਦਰਜਨ ਤੋਂ ਵੱਧ ਨਹੀਂ ਏ[7] ਸਗੋਂ ਇਸ ਦੋ ਦਰਜਨ ਦੀ ਗਿਣਤੀ ਵਿੱਚ ਕੁਝ ਲਫ਼ਜ਼ ਤਾਂ ਅਜਿਹੇ ਨੇਂ ਜਿਹੜੇ ਅਰਬੀ ਮੁਢ ਰਖਦੇ ਨੇਂ ਪਰ ਫ਼ਾਰਸੀ ਵਿੱਚ ਪਰਚੱਲਤ ਨੇਂ ਤੇ ਸ਼ਾਇਦ ਫ਼ਾਰਸੀ ਰਾਹੀਂ ਈ ਪੰਜਾਬੀ ਵਿੱਚ ਆਏ । ਇਹਨਾਂ ਵਿੱਚ ਮਲਿਕ, ਮਲਿਕੁਲਮੌਤ, ਮਸ਼ਾਇਖ਼, ਵੁਜ਼ੂ, ਖ਼ਾਲਿਕ, ਖ਼ਲਕ, ਆਸ, ਸਬਰ ਤੇ ਹੁਜਰਾ ਵਗ਼ੈਰਾ ਸ਼ਾਮਿਲ ਨੇਂ । ਬਾਬਾ ਫ਼ਰੀਦ ਦੇ ਕਲਾਮ ਵਿੱਚ ਜਿਹੜੇ ਲਫ਼ਜ਼ ਖ਼ਾਲਿਸ ਫ਼ਾਰਸੀ ਦੇ ਨੇਂ, ਉਹਨਾਂ ਵਿੱਚ ਖ਼ਾਕ ਤੇ ਖ਼ਾਕੋ, ਪਾਸ, ਆਸ, ਨਬਾਤ (ਨਵਾਤ), ਪਰਾਈ, ਮੀਂਹ, ਪਨਾਹ, ਬੰਦਗੀ, ਬਖ਼ਸ਼ਿੰਦਗੀ, ਗੋਰ, ਦਗਾਹ ਦੇ ਲਫ਼ਜ਼ ਸ਼ਾਮਿਲ ਨੇਂ । ਦੋਰ ਹੋਰ ਲਫ਼ਜ਼ ਯਾਨੀ "ਜਿੰਦ" ਤੇ "ਖਸਮ" ਅਜਿਹੇ ਨੇਂ ਜਿਹੜੇ "ਜ਼ਿੰਦਗੀ" ਤੇ "ਖ਼ਸਮ" ਤੋਂ ਵਿਗੜੇ ਹੋਏ ਲਗਦੇ ਨੇਂ । "ਜਿੰਦ" ਤੇ "ਜਿੰਦੜੀ" ਦੇ ਲਫ਼ਜ਼ ਆਮ ਬੋਲ ਚਾਲ ਦੀ ਪੰਜਾਬੀ ਹਰ ਥਾਂ ਬੋਲੇ ਤੇ ਸਮਝੇ ਜਾਂਦੇ ਨੇਂ ਜਿਹੜੇ ਫ਼ਾਰਸੀ "ਜ਼ਿੰਦਗੀ" ਦਾ ਵਟਿਆ ਹੋਇਆ ਰੂਪ ਨੇਂ ।

ਕਲਾਸੀਕੀ ਦੌਰ ਦੇ ਦੂਜੇ ਦਸਤਿਆਬ ਸ਼ਾਇਰ ਲਾਹੌਰ ਦੇ ਸ਼ਾਹ ਹੁਸੈਨ ਨੇਂ ਜਿਹਨਾਂ ਦਾ ਜ਼ਮਾਨਾ ਮੁਗ਼ਲ ਬਾਦਸ਼ਾਹ ਅਕਬਰ ਦਾ ਏ । ਇਸ ਦੌਰਾਨ ਸਾਨੂੰ ਬਾਬਾ ਨਾਨਕ ਦਾ ਨਾਂ ਵੀ ਨਜ਼ਰ ਆਉਂਦਾ ਏ ਜਿਹਨਾਂ ਦੇ ਕਲਾਮ ਵਿੱਚ ਅਰਬੀ ਫ਼ਾਰਸੀ ਲਫ਼ਜ਼ਾਂ ਦੀ ਵਰਤੋਂ ਕਾਫ਼ੀ ਏ ਪਰ ਇਹ ਇੱਕ ਵੱਖਰੇ ਲੇਖ ਦਾ ਮੌਜ਼ੂ ਏ ਜਿਹਦੇ ਬਾਰੇ ਅਸੀਂ ਫ਼ਿਰ ਕਦੀ ਗੱਲ ਕਰਾਂ ਗੇ ।

ਬਾਬਾ ਫ਼ਰੀਦ ਤੇ ਸ਼ਾਹ ਹੁਸੈਨ ਦੇ ਵਿਚਕਾਰ ਇੱਕ ਵੱਡੀ ਵਿੱਥ ਏ । ਇਹ ਤਾਂ ਮੁਮਕਿਨ ਨਹੀਂ ਕਿ ਉਸ ਦੌਰ ਵਿੱਚ ਪੰਜਾਬੀ ਵਿੱਚ ਕੋਈ ਹੋਰ ਸ਼ਾਇਰ ਯਾਂ ਲਿਖਾਰੀ ਪੈਦਾ ਈ ਨਾ ਹੋਵੇ ਪਰ ਉਸ ਦੌਰ ਦੇ ਕਿਸੇ ਵੀ ਸ਼ਾਇਰ ਦਾ ਕਲਾਮ ਅਜੇ ਤੀਕਰ ਦਸਤਿਆਬ ਨਹੀਂ ਹੋ ਸਕਿਆ । ਸ਼ਾਹ ਹੁਸੈਨ ਦੇ ਕੋਲ ਸਾਨੂੰ ਅਰਬੀ ਤੇ ਫ਼ਾਰਸੀ ਲਫ਼ਜ਼ਾਂ ਦੀ ਵਰਤੋਂ ਕੁਝ ਜ਼ਿਆਦਾ ਮਿਲਦੀ ਏ । ਕਾਜ਼ੀ ਜਾਵੇਦ, ਡਾਕਟਰ ਅਬਦੁਲਗ਼ਨੀ ਦੇ ਹਵਾਲੇ ਨਾਲ ਲਿਖਦੇ ਨੇਂ:

"ਸਾਦਾ ਆਮ ਫ਼ਹਿਮ ਪੰਜਾਬੀ ਦਾ ਇਸ ਤੋਂ ਬਹਿਤਰ ਨਮੂਨਾ ਸ਼ਾਇਦ ਈ ਕੋਈ ਹੋਰ ਹੋਵੇ ਗਾ। ਇਹਦੇ ਅਲਫ਼ਾਜ਼ ਜ਼ਿਆਦਾ ਤਰ ਘਰੇਲੂ ਜ਼ਿੰਦਗੀ ਨਾਲ ਤਅੱਲੁਕ ਰੱਖਦੇ ਨੇਂ। ਇਹਨਾਂ ਵਿੱਚ ਅਰਬੀ ਤੇ ਫ਼ਾਰਸੀ ਜ਼ੁਬਾਨਾਂ ਦੇ ਲਫ਼ਜ਼ ਆਪਣੀ ਸਹੀਹ ਸੂਰਤ ਵਿੱਚ ਦੱਸ ਤੋਂ ਵੀਹ ਫ਼ੀਸਦ ਤਕ ਮੌਜੂਦ ਨੇਂ। ਉਸ ਇਸ ਕਦਰ ਆਮ ਫ਼ਹਿਮ ਨੇਂ ਕਿ ਪੜ੍ਹਣ ਵਾਲਿਆਂ ਨੂੰ ਪਤਾ ਵੀ ਨਹੀਂ ਲਗਦਾ ਕਿ ਇਹਨਾਂ ਜ਼ੁਬਾਨਾਂ ਦੇ ਲਫ਼ਜ਼ ਨੇਂ। ਇਹਦਾ ਮਤਲਬ ਇਹ ਏ ਕਿ ਮਹਿਮੂਦ ਗ਼ਜ਼ਨਵੀ ਦੀ ਆਮਦ (1001 ਈਸਵੀ) ਤੋਂ ਲੈ ਕੇ ਸ਼ਾਹ ਹੁਸੈਨ ਦੀ ਪੈਦਾਇਸ਼ 1539 ਈਸਵੀ ਤੀਕ 538 ਵਰ੍ਹਿਆਂ ਦੀ ਮੁੱਦਤ ਵਿੱਚ ਪੰਜਾਬੀ ਜ਼ੁਬਾਨ ਅਰਬੀ ਤੇ ਫ਼ਾਰਸੀ ਜ਼ੁਬਾਨ ਦੇ ਸ਼ਾਮਿਲ ਹੋਣ ਨਾਲ ਇੱਕ ਨਵੀਂ ਸ਼ਕਲ ਇਖ਼ਤਿਆਰ ਕਰ ਚੁਕੀ ਸੀ। ਸ਼ਾਹ ਹੁਸੈਨ ਨੇ ਅਰਬੀ ਫ਼ਾਰਸੀ ਦੇ ਵਿਗੜੇ ਹੋਏ ਲਫ਼ਜ਼ ਵੀ ਵਰਤੇ ਨੇਂ ਜਿਵੇਂ ਕਿ ਮਜਮਾਨੀ, (ਮਹਿਮਾਨੀ), ਮਾਲਮ (ਮਾਅਲੂਮ) ਅਲਬਤ (ਅਲਬੱਤਾ) ਵਗ਼ੈਰਾ। ਇਹਨਾਂ ਜ਼ੁਬਾਨਾਂ ਤੋਂ ਨਵੇਂ ਲਫ਼ਜ਼ ਵੀ ਬਣਾਏ ਨੇਂ ਜਿਵੇਂ ਬਖ਼ਸ਼ਣਹਾਰ, ਗੁਮਾਨਿਆ (ਮਗ਼ਰੂਰ)। ਅਲਫ਼ਾਜ਼ ਨੂੰ ਨਵੇਂ ਮਾਅਨਿਆਂ ਵਿੱਚ ਵੀ ਵਰਤਿਆ ਏ ਜਿਵੇਂ ਲਾਜ਼ਿਮ ਸ਼ਰਮਿੰਦਾ ਮਾਅਨੀ ਵਿੱਚ। ਇੱਥੋਂ ਅਸੀਂ ਇਹ ਨਤੀਜਾ ਕੱਢਦੇ ਆਂ ਕਿ ਸ਼ਾਹ ਹੁਸੈਨ ਦਾ ਮੁਆਸ਼ਰਾ, ਅਰਬੀ ਫ਼ਾਰਸੀ ਦੇ ਅਲਫ਼ਾਜ਼ ਪੰਜਾਬੀ ਵਿੱਚ ਇਹਨਾਂ ਚਾਰ ਸੂਰਤਾਂ ਵਿੱਚ ਵਰਤ ਰਿਹਾ ਸੀ।"[8]

ਕਾਜ਼ੀ ਜਾਵੇਦ ਦੀ ਇਸ ਗੱਲ ਤੋਂ ਦੋ ਤਿੰਨ ਗੱਲਾਂ ਦਾ ਨਖੇੜ ਹੁੰਦਾ ਏ। ਪਹਿਲੀ ਤਾਂ ਇਹ ਕਿ ਸ਼ਾਹ ਹੁਸੈਨ ਦੇ ਕਲਾਮ ਵਿੱਚ ਫ਼ਾਰਸੀ (ਤੇ ਅਰਬੀ) ਲਫ਼ਜ਼ਾਂ ਦੀ ਮਿਕਦਾਰ ਦੱਸ ਤੋਂ ਵੀਹ ਫ਼ੀਸਦ ਦੇ ਲਗ ਭਗ ਏ। ਦੂਜਾ ਇਹ ਕਿ ਇਹ ਲਫ਼ਜ਼ ਚਾਰ ਅੰਦਾਜ਼ ਨਾਲ ਪੰਜਾਬੀ ਵਿੱਚ ਵਰਤੇ ਗਏ।

ਅਲਿਫ਼ਃ ਆਪਣੇ ਅਸਲ ਰੂਪ ਵਿੱਚ।

ਬੇਃ ਵਿਗੜੇ ਹੋਏ ਰੂਪ ਵਿੱਚ

ਜੀਮਃ ਅਰਬੀ ਫ਼ਾਰਸੀ ਲਫ਼ਜ਼ਾਂ ਤੋਂ ਨਵੇਂ ਲਫ਼ਜ਼ ਬਣਾ ਕੇ।

ਦਾਲਃ ਅਰਬੀ ਫ਼ਾਰਸੀ ਲਫ਼ਜ਼ਾਂ ਨੂੰ ਨਵੇਂ ਮਾਅਨੇ ਦੇ ਕੇ।

ਇਹ ਕਹਿਣਾ ਗ਼ਲਤ ਹੋਵੇ ਗਾ ਕਿ ਜਦੋਂ ਅਸੀਂ ਅਰਬੀ ਫ਼ਾਰਸੀ ਲਫ਼ਜ਼ਾਂ ਦੀ ਗੱਲ ਕਰਦੇ ਆਂ ਤਾਂ ਜ਼ਿਆਦਾ ਤਰ ਫ਼ਾਰਸੀ ਲਫ਼ਜ਼ ਈ ਮੁਰਾਦ ਹੁੰਦੇ ਨੇਂ। ਤਕਾਬੁਲ ਕੀਤਾ ਜਾਵੇ ਤਾਂ ਪੰਜਾਬੀ ਸਮੇਤ ਇੱਥੋਂ ਦੀਆਂ ਮਕਾਮੀ ਜ਼ੁਬਾਨਾਂ ਵਿੱਚ ਅਰਬੀ ਲਫ਼ਜ਼ਾਂ ਦਾ ਤਨਾਸੁਬ ਘੱਟ ਤੇ ਫ਼ਾਰਸੀ ਦਾ ਬਹੁਤ ਜ਼ਿਆਦਾ ਏ ਜਿਹੜੇ ਅਰਬੀ ਲਫ਼ਜ਼ ਮਿਲਦੇ ਨੇਂ, ਉਹਨਾਂ ਵਿੱਚ ਵੀ ਵਧੇਰੇ ਉਹ ਨੇਂ ਜਿਹੜੇ ਫ਼ਾਰਸੀ ਵਿੱਚ ਪਰਚੱਲਤ ਨੇਂ ਤੇ ਫ਼ਾਰਸੀ ਰਾਹੀਂ ਈ ਇੱਥੇ ਆਏ। ਇਹਦੇ ਕਾਰਨ ਇਹ ਨੇਂ:

1. ਫ਼ਾਰਸੀ ਨਿਸਬਤਨ "ਨੇੜੇ" ਦੀ ਜ਼ੁਬਾਨ ਸੀ।
2. ਫ਼ਾਰਸੀ ਅਸਰਾਤ ਅਰਬੀ ਨਾਲੋਂ ਪਹਿਲਾਂ ਦੇ ਨੇਂ। ਸਗੋਂ ਇਹ ਅਸਰਾਤ ਇਸਲਾਮ ਤੋਂ ਵੀ ਪਹਿਲਾਂ ਦੇ ਨੇਂ।
3. ਫ਼ਾਰਸੀ ਇੱਥੇ ਵੀ ਹੁਕਮਰਾਨ ਜ਼ੁਬਾਨ ਰਹੀ।
4. ਅਰਬੀ ਸਿੱਖਣ ਵਾਲੇ ਲੋਕ ਹਮੇਸ਼ਾ ਥੋੜੇ ਰਹੇ ਜਦ ਕਿ ਫ਼ਾਰਸੀ ਸਿੱਖਣ ਵਾਲੇ ਲੋਕ ਜ਼ਿਆਦਾ ਸਨ।

ਪੰਜਾਬੀ ਜ਼ੁਬਾਨ ਦੇ ਅਗਲੇ ਦਸਤਿਆਬ ਕਲਾਸੀਕੀ ਸ਼ਾਇਰ ਹਜ਼ਰਤ ਸੁਲਤਾਨ ਬਾਹੂ (ਵਫ਼ਾਤ:1691 ਈਸਵੀ) ਨੇਂ। ਸੁਲਤਾਨ ਬਾਹੂ ਨੇ ਕਿਸੀ ਰਸਮੀ ਤਾਅਲੀਮ ਦੇ ਬਗ਼ੈਰ ਵੀ ਇਲਮ ਹਾਸਿਲ ਕਰਨ ਵਲ ਭਰਵਾਂ ਧਿਆਨ ਦਿੱਤਾ।[9] ਉਹਨਾਂ ਨਾਲ ਮਨਸੂਬ 140 ਦੇ ਲਗ ਭਗ ਕਿਤਾਬਾਂ ਵਿੱਚੋਂ ਸਿਵਾਏ ਸੀ ਹਰਫ਼ੀ ਦੇ ਕੁਝ ਇੱਕ ਅਰਬੀ ਤੇ ਬਾਕੀ ਫ਼ਾਰਸੀ ਵਿੱਚ ਨੇਂ ਜਿਹਦੇ ਤੋਂ ਅੰਦਾਜ਼ਾ ਹੁੰਦਾ ਏ ਕਿ ਉਹ ਫ਼ਾਰਸੀ ਜ਼ੁਬਾਨ ਵੀ ਚੰਗੀ ਤਰ੍ਹਾਂ ਜਾਣਦੇ ਸਨ। ਉਹਨਾਂ ਦੀਆਂ ਪੰਜਾਬੀ ਸੀ ਹਰਫ਼ੀਆਂ ਉੱਤੇ ਅਰਬੀ ਫ਼ਾਰਸੀ ਲਫ਼ਜ਼ਾਂ ਦੀ ਛਾਪ ਬੜੀ ਗੂੜ੍ਹੀ ਏ। ਸਗੋਂ ਉਹਨਾਂ ਕੋਲ ਪਹਿਲੀ ਵਾਰੀ ਸਾਨੂੰ ਫ਼ਾਰਸੀ ਤਰਕੀਬਾਂ ਵੀ ਨਜ਼ਰ ਆਉਂਦੀਆਂ ਨੇਂ। ਸੁਲਤਾਨ ਬਾਹੂ ਦੇ ਕਲਾਮ ਉੱਤੇ ਤਸੱਵੁਫ਼ ਦੀ ਗੂੜ੍ਹੀ ਛਾਪ ਏ ਤੇ ਇਹ ਤਸੱਵੁਫ਼ ਫ਼ਾਰਸੀ ਰਾਹੀਂ ਈ ਪੰਜਾਬੀ ਵਿੱਚ ਆਇਆ ਏ।

ਵਾਰਿਸ ਸ਼ਾਹ ਤੇ ਬੁੱਲ੍ਹੇ ਸ਼ਾਹ, ਪੰਜਾਬੀ ਸ਼ਾਇਰੀ ਦੇ ਹੋਰ ਅਜਿਹੇ ਨਾਂ ਨੇਂ ਜਿਹਨਾਂ ਦੇ ਬਗ਼ੈਰ ਸ਼ਾਇਰੀ ਦੀ ਤਵਾਰੀਖ਼ ਕਦੀ ਵੀ ਮੁਕੰਮਲ ਨਹੀਂ ਹੋ ਸਕਦੀ। ਇਹ ਦੋਵੇਂ ਫ਼ਾਰਸੀ ਦੇ ਵੱਡੇ ਆਲਮ ਵੀ ਸਨ। ਬੁੱਲ੍ਹੇ ਸ਼ਾਹ ਦੇ ਕੋਲ ਜਿਹੜਾ ਤਸੱਵੁਫ਼ ਮਿਲਦਾ ਏ, ਉਹ ਫ਼ਾਰਸੀ ਰਿਵਾਇਅਤ ਦਾ ਈ ਤਸਲਸੁਲ ਏ। ਵਾਰਿਸ ਸ਼ਾਹ ਨੇ ਮਜਾਜ਼ੀਆਂ ਦਾ ਲੂਣ ਚਖਾ ਕੇ ਹਕੀਕੀ ਦੀ ਲੱਜ਼ਤ ਦੀ ਗੱਲ ਕੀਤੀ ਤੇ ਉਹਨਾਂ ਕੋਲ ਵੀ ਫ਼ਾਰਸੀ ਲਫ਼ਜ਼ਾਂ ਤੇ ਤਰਕੀਮਾਂ ਦੀ ਕਮੀ ਨਹੀਂ। ਉਂਜ ਇਹ ਗੱਲ ਮਨਣ ਵਾਲੀ ਏ ਕਿ ਵਾਰਿਸ ਸ਼ਾਹ ਲੋਕਾਂ ਦਾ ਮਨ ਪਸੰਦ ਇੱਕ ਕਿੱਸਾ ਲਿਖ ਰਹੇ ਸਨ ਜਿਹਵੇ ਵਿੱਚ ਅਵਾਮੀ ਜ਼ੁਬਾਨ ਤੋਂ ਜ਼ਿਆਦਾ ਦੂਰ ਜਾਣ ਦੀ ਗੁੰਜਾਇਸ਼ ਬਹੁਤੀ ਨਹੀਂ ਸੀ, ਅਲਬੱਤਾ ਬੁੱਲ੍ਹੇ ਸ਼ਾਹ ਕੋਲ ਫ਼ਾਰਸੀ ਰੰਗ ਪਿਛਲੇਰੇ ਸ਼ਾਇਰਾਂ ਨਾਲੋਂ ਵੱਧ ਕੇ ਭਰਵਾਂ ਤੇ ਗੂੜ੍ਹਾ ਏ।

ਬੁੱਲ੍ਹੇ ਸ਼ਾਹ ਇੱਕ ਵਸੀ ਕੈਨਵਸ ਦੇ ਸ਼ਾਇਰ ਨੇਂ। ਉਹਨਾਂ ਕੋਲ ਵਸੀ ਮਾਹੌਲ ਮੌਜੂਦ ਏ ਜਿਹਦੇ ਵਿੱਚ ਅਰਬ ਤੋਂ ਲੈ ਕੇ ਏਰਾਨੀ ਤੇ ਖ਼ਾਲਿਸ ਹਿੰਦੀ ਰੰਗ ਮੌਜੂਦ ਨੇਂ। ਵਹਦਤੁਲਵਜੂਦ ਨਾਲ ਤਅੱਲੁਕ ਰੱਖਣ ਵਾਲੀਆਂ ਜਿਹੜੀਆਂ ਅਲਾਮਤਾਂ ਤੇ

ਤਰਕੀਬਾਂ ਉਹਨਾਂ ਕੋਲ ਕਈ ਵਾਰ ਆਉਂਦੀਆਂ ਨੇਂ ਉਹਨਾਂ ਵਿੱਚੋਂ ਕੋਹਿ ਤੂਰ, ਮਨਸੂਰ (ਹੁਸੈਨ ਬਿਨ ਮਨਸੂਰ ਹੱਲਾਜ) ਤੇ ਸੂਲੀ, ਜ਼ਕਰੀਆ ਤੇ ਕਲਵੱਤਰ, ਸਾਬਿਰ (ਹਜ਼ਰਤ ਅੱਯੂਬ), ਯੂਸਫ਼ ਤੇ ਜ਼ੁਲੈਖ਼ਾ, ਖ਼ੂਹ ਯੂਸਫ਼ ਤੇ ਮਾਹਿ ਕਨਆਂ, ਤਖ਼ਤਿ ਸੁਲੇਮਾਂ, ਸੁਲੇਮਾਨ ਤੇ ਭੱਠ, ਅੰਮਾਂ ਤੇ ਬਾਬਾ (ਆਦਮ ਤੇ ਹੱਵਾ), ਸਮਸ, ਮੂਸਾ ਤੇ ਫ਼ਿਰਓਨ, ਇਬਰਾਹੀਮ ਤੇ ਖ਼ੱਚਾ, ਹਜ਼ਰਤ ਯੂਨਸ ਤੇ ਮੱਛੀ, ਇਮਾਮ ਹਸਨ ਹੁਸੈਨ ਤੇ ਯਜ਼ੀਦ, ਬਾਬੀਲ ਤੇ ਕਾਬੀਲ, ਹੀਰ ਤੇ ਰਾਂਝਾ, ਸ਼ਾਹ ਸਰਮਦ ਵਗ਼ੈਰਾ ਦਾ ਜ਼ਿਕਰ ਆਮ ਏ । ਬੁੱਲ੍ਹੇ ਸ਼ਾਹ ਦੀ ਮਸ਼ਹੂਰ ਲੰਮੀ ਕਾਫ਼ੀ "ਰਹਿ ਰਹਿ ਵੇ ਇਸ਼ਕਾ ਮਾਰਿਆ ਈ" ਵਿੱਚ ਸਾਨੂੰ ਬਹਿਸ਼ਤ, ਕੋਹ, ਜ਼ਿਬਾਹ, ਰੁਤਬਾ, ਖ਼ੂਬ, ਖ਼ੱਚਾ, ਕਲੰਦਰ ਤੇ ਅਸ਼ਰਾਫ਼ ਵਰਗੇ ਲਫ਼ਜ਼ ਮਿਲਦੇ ਨੇਂ ਜਿਹੜੇ ਯਾਂ ਫ਼ਾਰਸੀ ਨੇਂ ਯਾਂ ਫ਼ਿਰ ਅਰਬੀ ਰਾਹੀਂ ਫ਼ਾਰਸੀ ਵਿੱਚ ਆਏ ਨੇਂ । ਇਹਨਾਂ ਤੋਂ ਵੱਖ ਇਲਜ਼ਾਮ, ਮਰਾਤਬ, ਸਾਬਿਰ, ਕੁਮ ਬਿਇਜ਼ਨੀ, ਨੂਰ, ਤਬਕ ਵਰਗੇ ਲਫ਼ਜ਼ ਵੀ ਇਸ ਕਾਫ਼ੀ ਵਿੱਚ ਮੌਜੂਦ ਨੇਂ ।

ਬੁੱਲ੍ਹੇ ਸ਼ਾਹ ਦੀ ਇੱਕ ਹੋਰ ਕਾਫ਼ੀ "ਬੁੱਲ੍ਹਿਆ ਕੀ ਜਾਣਾਂ ਮੈਂ ਕੌਣ?" ਨਾ ਸਿਰਫ਼ ਫ਼ਾਰਸੀ ਤੋਂ ਮਾਖ਼ੂਜ਼ ਏ ਸਗੋਂ ਉਹਦੇ ਵਿੱਚ ਵੀ ਸਾਨੂੰ ਸ਼ਾਦੀ, ਗ਼ਮਨਾਕੀ, ਆਬੀ, ਖ਼ਾਕੀ, ਆਤਿਸ਼ ਵਰਗੇ ਫ਼ਾਰਸੀ ਲਫ਼ਜ਼ ਨਜ਼ਰ ਆਉਂਦੇ ਨੇਂ । ਉਹਨਾਂ ਦੀਆਂ ਕੁਝ ਕਾਫ਼ੀਆਂ ਵਿੱਚ ਖ਼ਾਲਿਸ ਹਿੰਦੀ ਅਸਰਾਤ ਵੀ ਮੌਜੂਦ ਨੇਂ ਪਰ ਜ਼ਿਆਦਾ ਤਰ ਕਾਫ਼ੀਆਂ ਵਿੱਚ ਫ਼ਾਰਸੀ ਤੇ ਅਰਬੀ ਅਸਰਾਤ ਈ ਮਿਲਦੇ ਨੇਂ । ਮਕਾਮੀ ਤੇ ਹਿੰਦੀ ਕਿਰਦਾਰਾਂ ਵਿੱਚੋਂ ਹੀਰ ਰਾਂਝੇ ਤੋਂ ਵੱਖ ਸੱਸੀ, ਸੋਹਣੀ, ਰੋਡਾ ਜਲਾਲੀ, ਕੈਰੋ ਪਾਂਡਵ, ਸੀਤਾ ਤੇ ਦੇਂਸਰ, ਸ਼ਿਆਮ ਸੁੰਦਰ ਵਗ਼ੈਰਾ ਦੇ ਕੁਝ ਕਿਰਦਾਰ ਈ ਉਹਨਾਂ ਕੋਲ ਮੌਜੂਦ ਨੇਂ ।

ਫ਼ਾਰਸੀ ਅਸਰਾਤ ਦੀ ਇੱਕ ਹੋਰ ਮਿਸਾਲ ਇਹ ਵੀ ਏ ਕਿ ਸੌ ਵਿੱਚੋਂ ਨੱਵੇ ਪੁਰਾਣੀਆਂ ਕਿਤਾਬਾਂ ਵਿੱਚ ਕਿੱਸਿਆਂ ਦੇ ਉਨਵਾਨ ਫ਼ਾਰਸੀ ਵਿੱਚ ਈ ਲਿਖੇ ਮਿਲਦੇ ਨੇਂ ।

ਫ਼ਾਰਸੀ ਦਾ ਰੰਗ ਗੂੜ੍ਹਾ ਪਨ ਸਾਨੂੰ ਕਲਾਸੀਕੀ ਦੌਰ ਦੇ ਅੰਤਲੇ ਤੇ ਅੰਗਰੇਜ਼ੀ ਦੌਰ ਦੇ ਮੁਢਲੇ ਸ਼ਾਇਰਾਂ ਦੇ ਕੋਲ ਅੱਗੇ ਨਾਲੋਂ ਵੱਧ ਕੇ ਨਜ਼ਰ ਆਉਂਦਾ ਏ । ਹਾਸ਼ਿਮ ਸ਼ਾਹ ਦੀ "ਕੁਕਾਰੇ" ਹੋਵੇ ਯਾਂ ਮੀਆਂ ਮਹੰਮਦ ਬਖ਼ਸ਼ ਹੋਰਾਂ ਦੀ "ਸੈਫ਼ੁਲਮਲੂਕ" ਯਾਂ ਫ਼ਿਰ ਖ਼ਵਾਜਾ ਗ਼ੁਲਾਮ ਫ਼ਰੀਦ ਦੀਆਂ ਕਾਫ਼ੀਆਂ ਤੇ ਗ਼ਜ਼ਲਾਂ, ਇਹ ਰੰਗ ਵੱਧਦਾ ਚਲਾ ਗਿਆ ਏ ।

ਮੌਲਵੀ ਗ਼ੁਲਾਮ ਰਸੂਲ ਆਲਮਪੂਰੀ ਹੋਰਾਂ ਦੀ ਮਸ਼ਹੂਰ ਕਿਤਾਬ "ਅਹਿਸੁਨਲਕਸਸ" ਵਿੱਚ ਬਹੁਤ ਸਾਰੇ ਅਜਿਹੇ ਸ਼ਿਅਰ ਮਿਲਦੇ ਨੇਂ ਜਿਹਨਾਂ ਵਿੱਚ ਫ਼ਾਰਸੀ ਤੇ ਅਰਬੀ ਦਾ ਰੰਗ ਇਨਾ ਗੂੜ੍ਹਾ ਏ ਕਿ ਉਹਨਾਂ ਸ਼ਿਅਰਾਂ ਦੀ ਜ਼ੁਬਾਨ ਨੂੰ ਬਰਾਏ ਵਜ਼ਨ ਬੈਤ ਈ ਪੰਜਾਬੀ ਆਖਿਆ ਜਾ ਸਕਦਾ ਏ । ਇਹ ਸ਼ਿਅਰ ਵੇਖੋ:

ਉਹ ਸਹਿਤ ਤੇ ਇਹ ਬੀਮਾਰੀ, ਉਹ ਮਰਹਮ ਇਹ ਕਾਤੀ
ਉਹ ਗੌਹਰ ਇਹ ਸੰਗ ਗ਼ਜ਼ਬ ਦਾ, ਆਣ ਵੱਜਾ ਵਿੱਚ ਛਾਤੀ
ਉਹ ਬੇਐਬ ਤੇ ਇਹ ਪੁਰ ਐਬੀਂ, ਉਹ ਦਿਲਬਰ ਇਹ ਵੈਰੀ
ਉਹ ਆਫ਼ੀਅਤ ਖ਼ੈਰ ਤਸੱਲੀ, ਇਹ ਗ਼ਮ ਦੁਖ ਬਦਖ਼ੈਰੀ
ਉਹ ਮਹਿਬੂਬ ਮੇਰਾ ਨੂਰਾਨੀ, ਇਹ ਜ਼ਾਲਿਮ ਜ਼ੁਲਮਾਨੀ
ਉਹ ਤਸਕੀਨ ਆਰਾਮ ਦਿਲੇ ਦਾ, ਇਹ ਹੈਰਤ ਹੇਰਾਨੀ
ਉਹ ਮਤਲੂਬ ਮੇਰੇ ਜਮੀਅਤ ਤੇ ਇਹ ਸਰਗਰਦਾਨੀ
ਉਹ ਸਾਮਾਨ ਖ਼ੁਸ਼ੀ ਦਾ ਮੇਰਾ ਤੇ ਇਹ ਬੇਸਾਮਾਨੀ[10]

ਇਹਨਾਂ ਵਿੱਚੋਂ ਮਰਹਮ, ਗੌਹਰ, ਸੰਗ, ਬੇਐਬ, ਪੁਰਐਬ, ਦਿਲਬਰ, ਆਫ਼ੀਅਤ, ਗ਼ਮ, ਬਦਖ਼ੈਰੀ, ਖ਼ੈਰ, ਨੂਰਾਨੀ, ਜ਼ਾਲਿਮ, ਜ਼ੁਲਮਾਨੀ, ਤਕਸੀਨ, ਹੈਰਤ, ਹੇਰਾਨੀ, ਮਤਲੂਬ, ਜਮੀਅਤ, ਸਰਗਰਦਾਨੀ, ਸਾਮਾਨ, ਖ਼ੁਸ਼ੀ, ਬੇਸਾਮਾਨੀ ਵਰਗੇ ਉਹ ਲਫ਼ਜ਼ ਨੇਂ ਜਿਹੜੇ ਪੰਜਾਬੀ ਵਿੱਚ ਆਮ ਬੋਲੇ ਤੇ ਸਮਝੇ ਜਾਂਦੇ ਨੇਂ ਪਰ ਅਸਲੋਂ ਪੰਜਾਬੀ ਦੇ ਨਹੀਂ । ਇਹ ਤਾਂ ਖ਼ੈਰ "ਅਹਿਸੁਨਲਕਸਸ" ਦੇ ਵਿਚਕਾਰੋਂ ਕੁਝ ਸ਼ਿਅਰ ਸੁਣੋ ਤੇ ਕਿੱਸੇ ਦੇ ਮੁੱਢ ਵਿੱਚ ਫ਼ਾਰਸੀ ਰੰਗ ਵੇਖੋ:

ਇਸ਼ਕ ਭਨਾ ਅਖ਼ਲਾਸ ਨਹਿਲਾਇਆ, ਰੰਗਿਆ ਰੰਗ ਸ਼ਹੂਦੀ
ਸਿਦਕ ਸਫ਼ਾ ਦੀ ਆਬ ਹਵਾਈਂ ਪਲਿਆ ਵਿੱਚ ਖ਼ੁਸ਼ਨੂਦੀ
ਬਰਗੋ ਬਰਗ ਅਰਾਦਤ ਅਜ਼ਲੀ ਨੂਰ ਰਚਾਇਆ ਹੋਇਆ
ਮਹਿਵੀਅਤ ਦੇ ਖ਼ਿਮਰ ਤਹੂਰੋਂ ਨਸ਼ਾ ਚੜ੍ਹਾਇਆ ਗਿਆ
ਅਫ਼ਜ਼ਲ, ਅਤਹਰ, ਅਕਮਲ, ਅਨਵਰ ਜੇਂ ਵਿੱਚ ਸੱਭ ਵਡਿਆਈਆਂ
ਅਦਮ ਤਕੱਲੁਫ਼ ਵਾਲੀਆਂ ਨਦੀਆਂ ਜਿਸ ਥੀਂ ਵਹਿੰਦੀਆਂ ਆਈਆਂ
ਅਜ਼ਲ ਅਜ਼ਾਲੀ ਅਬਦ ਆਬਾਦੀ ਹਮਦ ਦਵਾਮ ਦਵਾਮੀ
ਵਿੱਚ ਦਰਬਾਰ ਵਜੂਬ ਗ਼ਨਾ ਦੇ ਇਹ ਸਰਸਬਜ਼ ਮਦਾਮੀ

ਕੁਲ ਮਰਾਤਬ ਹੱਕੀ ਖ਼ਲਕੀ, ਤਨਜ਼ੀਹੀ ਤਸ਼ਬੀਹੀ
ਮਜ਼ਹਰ ਹਮਦ ਹਮੀਦ ਹਕੀਕੀ, ਇਹ ਮਕਸ਼ੂਫ਼ ਬਦੀਹੀ
ਕਦਰ ਨਿਅਮ ਤੀਂ ਹਮਦ ਅਲਾਹਾ ਹਰ ਹਾਮਿਦ ਮਹਿਮੂਦੋਂ
ਹਰ ਮਾਅਲੂਮੋਂ ਹਰ ਮੌਜੂਦੋਂ ਹਰ ਸਾਜਿਦ ਮਸਜੂਦੋਂ
ਹਮਦ ਚਰਾਗ਼ ਦਿਲਾਂ ਤਾਰੀਕਾਂ, ਮਸ਼ਅਲ ਸ਼ਬ ਮਹਿਜੂਰਾਂ
ਹਰ ਹਰ ਜ਼ੱਰਾ ਜਿਸ ਥੀਂ ਚਮਕਿਆ, ਵਿੱਚ ਇਕਰਾਰ ਕਸੂਰੋਂ[11]

ਜਨੂਬੀ ਪੰਜਾਬ ਵਿੱਚ ਡੇਰਾ ਗ਼ਾਜ਼ੀ ਖ਼ਾਨ ਦੇ ਇਲਾਕੇ ਦੇ ਇੱਕ ਸ਼ਾਇਰ ਮੀਆਂ ਆਕਿਲ ਜੋਗੀ ਦਾ ਕਲਾਮ ਬੀਤੇ ਦਿਨੀਂ ਛਪਿਆ ਏ । ਮੀਆਂ ਜੋਗੀ ਹੋਰੀ ਖ਼ਵਾਜਾ ਫ਼ਰੀਦ ਦੇ ਸਮਕਾਲੀ ਸਨ । ਉਹਨਾਂ ਦੇ ਕਲਾਮ ਵਿੱਚੋਂ ਕਾਫ਼ੀ ਦਾ ਇੱਕ ਨਮੂਨਾ ਵੇਖੋ ਤੇ ਅੰਦਾਜ਼ਾ ਕਰ ਲਵੋ ਕਿ ਉਹਨਾਂ ਦੀ ਪੰਜਾਬੀ ਵਿੱਚ ਫ਼ਾਰਸੀ ਤੇ ਅਰਬੀ ਲਫ਼ਜ਼ਾਂ ਦਾ ਤਨਾਸੁਬ ਕੀ ਏ:

ਹਰ ਸੂਰਤ ਵਿੱਚ ਦਲਦਾਰ ਡਿੱਠਮ
ਹਰ ਲਹਿਜ਼ਾ ਸ਼ਾਨ ਹਜ਼ਾਰ ਡਿੱਠਮ
ਕੱਥ ਆਲਿਮ ਵਹਦਤ ਜ਼ਾਤ ਡਿੱਠਮ
ਕੱਥ ਰਸਮ ਸ਼ੇਵਨ ਸਿਫ਼ਾਤ ਡਿੱਠਮ
ਅਫ਼ਆਲ ਡਿੱਠਮ ਆਸਾਰ ਡਿੱਠਮ
ਕੱਥ ਅਜ਼ਮਤ ਅਜ਼ ਜਮਾਲ ਡਿੱਠਮ
ਕੱਥ ਸੂਰਤ ਹੁਸਨ ਜਮਾਲ ਡਿੱਠਮ
ਹਰ ਪਾਸੇ ਐਨ ਕਲਾਮ ਡਿੱਠਮ
ਚੋ ਤਰਫ਼ ਡਿੱਠਮ, ਚੋ ਧਾਰ ਡਿੱਠਮ[12]

ਇੱਕ ਹੋਰ ਕਾਫ਼ੀ ਵਿੱਚੋਂ ਸਿਰਫ਼ ਦੋ ਮਿਸਰੇ ਵੇਖੋ:

ਹੁਸਨ ਅਜ਼ਲ ਛੁੱਪ ਔਲ੍ਹੇ ਅੰਦਰ, ਪ੍ਰੇਮ ਨਗਰ ਬਾਜ਼ਾਰ ਆਇਆ
ਬਣ ਮਾਅਸ਼ੂਕ ਹਕੀਕੀ ਆਸ਼ਿਕ, ਤਾਲਿਬ ਦੀਦਾਰ ਆਇਆ[13]

ਮੀਆਂ ਮੁਹੰਮਦ ਬਖ਼ਸ਼ ਹੋਰਾਂ ਦਾ ਕਮਾਲ ਇਹ ਏ ਕਿ ਉਹ ਫ਼ਾਰਸੀ ਤੇ ਅਰਬੀ ਲਫ਼ਜ਼ਾਂ ਨੂੰ ਪੰਜਾਬੀ ਅੰਦਾਜ਼ ਨਾਲ ਭੰਨ ਤੋੜ ਕੇ ਇੰਜ ਆਪਣਾਂਦੇ ਨੇਂ ਕਿ ਇਹ ਲਫ਼ਜ਼ ਪੰਜਾਬੀ ਦੇ ਈ ਬਣ ਜਾਂਦੇ ਨੇਂ । ਹਜ਼ੂਰ ਤੋਂ ਹਜ਼ੂਰੋਂ, ਨੂਰ ਤੋਂ ਨੂਰੋਂ, ਸੋਜ਼ ਤੋਂ ਸੋਜ਼ੋਂ, ਦਰਦ ਤੋਂ ਦਰਦੋਂ ਵਗ਼ੈਰਾ ਲਫ਼ਜ਼ ਉਹਨਾਂ ਦੇ ਕਲਾਮ ਵਿੱਚ ਬੇਤਕੱਲੁਫ਼ੀ ਨਾਲ ਵਰਤੇ ਗਏ ਨੇਂ । ਮੀਆਂ ਮੁਹੰਮਦ ਬਖ਼ਸ਼ ਹੋਰਾਂ ਦੇ ਸੱਤ ਅੱਠ ਲਫ਼ਜ਼ਾਂ ਦੇ ਹਰ ਮਿਸਰੇ ਵਿੱਚ ਤਿੰਨ ਤੋਂ ਪੰਜ ਤਕ ਲਫ਼ਜ਼ ਅਜਿਹੇ ਨੇਂ ਜਿਹਨਾਂ ਦੀ ਬੁਨਿਆਦ ਫ਼ਾਰਸੀ ਤੇ ਯਾਂ ਫ਼ਿਰ ਅਰਬੀ ਏ ਪਰ ਮੀਆਂ ਹੋਰਾਂ ਨੇ ਉਹਨਾਂ ਨੂੰ ਇੰਜ ਵਰਤਿਆ ਏ ਕਿ ਉਹ ਉੱਕਾ ਔਪਰੇ ਨਹੀਂ ਜਾਪਦੇ ਸਗੋਂ ਪੰਜਾਬੀ ਦਾ ਹਿੱਸਾ ਬਣ ਗਏ ਨੇਂ । "ਸੈਫ਼ੁਲਮਲੂਕ" ਦੇ ਮੁਖ਼ਤਲਿਫ਼ ਸਫ਼ਹਿਆਂ ਵਿੱਚੋਂ ਇੱਥੇ ਕੁਝ ਮਿਸਾਲਾਂ ਵੇਖੋ:

ਜ਼ੁਅਲਫ਼ਿਕਾਰ ਜਿਹਨਾਂ ਨੂੰ ਉਤਰੀ ਖ਼ਲਕਤ ਫ਼ਕਰ ਹਜ਼ੂਰੋਂ
ਜਮਲ ਜਹਾਨ ਹੋਈ ਰੁਸ਼ਨਾਈ ਸ਼ਾਹ ਮਰਦਾਂ ਦੇ ਨੂਰੋਂ[14]

ਖ਼ੁਸ਼ਕੀ ਰਸਤਾ ਖ਼ੁਸ਼ਕ ਇਬਾਦਤ, ਬਿਨ ਸੋਜ਼ੋਂ ਬਿਨ ਦਰਦੋਂ
ਇਹ ਇਬਾਦਤ ਮਲਕੀ ਭਾਈ, ਨਾਹੀਂ ਆਰਿਫ਼ ਮਰਦੋਂ[15]

ਆਬ ਤਰੀ ਤਕ ਤਾਬ ਨਾ ਰਹੀਅਮ, ਹੋ ਗ਼ਰਕਾਬ ਰਹੀ ਮੈਂ
ਗੱਲ ਨਹੀਂ ਹੋ ਸਕਦੀ, ਇਹ ਭੀ ਮੰਦੇ ਹਾਲ ਕਹੀ ਮੈਂ[16]

ਆਸਿਮ ਸ਼ਾਹ ਇਬਾਦਤ ਕਰਦਾ ਜਾਨੋਂ ਦਿਲੋਂ ਜ਼ੁਬਾਨੋਂ
ਦਰਦ ਫ਼ਿਰਾਕ ਮਜਾਜ਼ੀ ਅੰਦਰ ਖੋਲੇ ਸਰ ਹਕਾਨੋਂ[17]

ਮੀਆਂ ਮੁਹੰਮਦ ਬਖ਼ਸ਼ ਤੋਂ ਪਹਿਲੇ ਦੌਰ ਦੇ ਇੱਕ ਸ਼ਾਇਰ ਚਰਾਗ਼ ਆਵਾਨ (ਵਫ਼ਾਤ 1732 ਈਸਵੀ) ਹੋਰਾਂ ਤਾਂ ਅਜਿਹੇ ਫ਼ਾਰਸੀ ਲਫ਼ਜ਼ ਵੀ ਆਪਣੀ ਸ਼ਾਇਰੀ ਵਿੱਚ ਵਰਤੇ ਨੇਂ ਜਿਹੜੇ ਆਮ ਪੰਜਾਬੀ ਵਿੱਚ ਨਹੀਂ ਵਰਤੀਂਦੇ ਜਿਵੇਂ ਕਿ ਪਸ਼ਤ, ਪਦਰ, ਗਰਦੋਂ, ਜੋਫ਼ਾ, ਗਰਦਿਸ਼ ਵਗ਼ੈਰਾ । ਮਿਸਾਲ ਇੰਜ ਏ:

ਰਾਂਝਣ ਪੁਸ਼ਤ ਪਦਰ ਦੀ ਕਨੋਂ, ਭਾਈ ਪੰਜ ਵਖਾਲੇ
ਜ਼ਮੀਂਦਾਰ ਮੁਕੱਦਮ ਨਗ਼ਦੀ, ਰਹਿੰਦਾ ਤਖ਼ਤ ਹਜ਼ਾਰੇ
ਬਹੁਤ ਅਹਿਸਾਨ ਮੀਆਨ ਹਮਾ ਕਸ, ਹਰ ਦਮ ਰਹਿ ਖ਼ੁਸ਼ਹਾਲੇ
ਗਰਦੋਂ ਦੂੰ ਜ਼ਮਾਨੇ ਗਰਦਿਸ਼, ਘਰ ਫ਼ਿਰਾਕ ਡਖਾਲੇ
ਦੁਨੀਆ ਜ਼ਸ਼ਤ ਕਮੀਨੀ ਜੋਫ਼ਾ, ਗ਼ੈਰਤ ਆ ਪਛਾਲੇ
ਭਾਈ ਮਿਲ ਬੈਠੇ ਥੀ ਕੱਠੇ, ਰਾਂਝਣ ਤੇ ਕਰਨ ਮਕਾਲੇ
ਕੀਤੀ ਕਾਰ ਕਮੱਤੀ ਬਾਝੋਂ ਖਾਵੇਂ ਚਰਬ ਨਵਾਲੇ
ਸਾਰ ਨਾ ਲਹਿਸੀ ਕਾਰ ਕਹੀਂ ਦੀ, ਹਾਲ ਨਾ ਚਾ ਊਥਾਲੇ
ਜ਼ਮੀਨ ਮਿਲਕ ਮੀਰਾਸ ਪਦਰ ਦਾ, ਆਣ ਕਿਤੋ ਨੇਂ ਠਾਲੇ
ਭਾਈਆਂ ਝੇਰ ਨਖੇੜ ਦਿੱਤੀ, ਕਰ ਰਾਂਝਣ ਜ਼ਮੀਨ ਹਵਾਲੇ[18]

ਹੀਰ ਰਾਂਝੇ ਵਾਂਗ ਸੱਸੀ ਪੁੰਨੂੰ ਦਾ ਕਿੱਸਾ ਵੀ ਮਕਾਮੀ ਕਿੱਸਾ ਏ । ਇਸ ਕਿੱਸੇ ਨੂੰ ਜਿਹੜੇ ਸ਼ਾਇਰਾਂ ਨੇ ਲਿਖਿਆ, ਉਹਨਾਂ ਕੋਲ ਨਿਸਬਤਨ ਘੱਟ ਫ਼ਾਰਸੀ ਲਫ਼ਜ਼ ਆਉਂਦੇ ਨੇਂ ਪਰ ਫ਼ਿਰ ਵੀ ਇਹਨਾਂ ਤੋਂ ਉੱਕਾ ਕਿਨਾਰਾ ਕਸ਼ੀ ਕਰਨਾ ਕਿਸੇ ਵੀ ਸ਼ਾਇਰ ਕੋਲੋਂ ਮੁਮਕਿਨ ਨਹੀਂ ਹੋ ਸਕਿਆ । ਇਹ ਕਿੱਸਾ ਲਿਖਣ ਵਾਲੇ ਸੱਭ ਤੋਂ ਮਸ਼ਹੂਰ ਸ਼ਾਇਰ ਹਾਸ਼ਿਮ ਸ਼ਾਹ (ਵਫ਼ਾਤ: 1821 ਈਸਵੀ) ਨੇਂ । ਹਾਸ਼ਮ ਸ਼ਾਹ ਦੇ ਦਹੁੜੇ ਵਿੱਚ ਫ਼ਾਰਸੀ ਰੰਗ ਵੇਖੋ:

ਰੁਖ਼ਸਤ ਹੋ ਗੁਲ ਗਏ ਚਮਨ ਤੋਂ, ਅਤੇ ਸਹਿਨ ਸੰਭਾਲੇ ਖ਼ਾਰਾਂ
ਕੱਵਾ ਨਜ਼ਰ ਨਾ ਆਵੇ ਕੋਈ, ਜਿੱਥੇ ਬੁਲਬੁਲ ਸਾਹਨ ਹਜ਼ਾਰਾਂ
ਕਰ ਕੇ ਯਾਦ ਸ਼ਗੂਫ਼ਾ ਸਬਜ਼ੀ, ਅਤੇ ਉਹ ਖ਼ੁਸ਼ ਰੋਜ਼ ਬਹਾਰਾਂ
ਹਾਸ਼ਿਮ ਸੋਜ਼ ਅੱਖੀਂ ਵਿੱਚ ਆਵੇ, ਵੇਖੋ ਬਰਸਨ ਅਬਰ ਬਹਾਰਾਂ[19]

ਲੱਖ ਸ਼ਾਹ ਇੱਕ ਹੋਰ ਸ਼ਾਇਰ ਨੇਂ ਜਿਹਨਾਂ ਨੇ ਸੱਸੀ ਪੁੰਨੂੰ ਦਾ ਕਿੱਸਾ 1831 ਈਸਵੀ ਦੇ ਲਗ ਭਗ ਲਿਖਿਆ । ਉਹਨਾਂ ਦੇ ਕਲਾਮ ਵਿੱਚ ਹਾਸ਼ਿਮ ਸ਼ਾਹ ਨਾਲੋਂ ਵੱਧ ਕੇ ਫ਼ਾਰਸੀ ਰੰਗ ਨਜ਼ਰ ਆਉਂਦਾ ਏ:

ਤਰਸ ਆਹਾ ਤੋਸ਼ੇ ਖ਼ਾਨੇ ਔਰ ਕਮਾਨ ਕਿਆਨੀ, ਤੇਗ਼ ਏਰਾਨੀ
ਤੇਜ਼ ਕਟਾਰੀ ਬੋਸ਼ ਦੋ ਧਾਰੀ, ਕਾਰੀ ਜੋਗਨ ਸਾਨੀ, ਕੁੱਤੇ ਖ਼ਾਨੀ
ਸਪਰ ਖ਼ੂਬ ਗੈਂਡੇ ਦੀ ਆਹੀ ਜਾਏ ਨਾ ਸਿਫ਼ਤ ਬਖ਼ਾਨੀ, ਰਾਜ ਨਿਸ਼ਾਨੀ
ਕਹੇ ਲੱਖ ਸ਼ਾਹ ਤਨ ਭੁੰਨਦੀ ਕੱਢਦੀ, ਇੱਕ ਇੱਕ ਕਾਨੀ, ਰਖ ਦਿਲ ਜਾਨੀ[20]

ਕਿਸਾ ਗੋ ਸ਼ਾਇਰਾਂ ਵਿੱਚੋਂ ਹਾਫ਼ਿਜ਼ ਬਰਖ਼ੁਰਦਾਰ ਹੋਰਾਂ ਦਾ ਨਾਂ ਵੀ ਜਾਣਿਆ ਪਛਾਣਿਆ ਏ । ਉਹਨਾਂ ਦੇ ਕਲਾਮ ਵਿੱਚ ਜ਼ੁਲੈਖ਼ਾ ਦੇ ਹੁਸਮ ਦਾ ਨਮੂਨਾ ਵੇਖੋ:[21]

ਸੂਰਤ ਹਦ ਹਿਸਾਬੋਂ ਬਾਹਿਰ ਕਿਆ ਕਿਆ ਸਿਫ਼ਤ ਕੀਰਵੇ
ਮੂੰਹ ਮਹਿਤਾਬ ਸਨੋਬਰ ਕਾਮਤ ਅੱਖੀਂ ਰੋਸ਼ਨ ਦੀਵੇ
ਪਲਕਾਂ ਤੀਰ ਕਮਾਨਾਂ ਅਬਰੂ, ਦੰਦ ਚੰਬੇ ਦੀਆਂ ਕਲੀਆਂ
ਨਾਜ਼ੁਕ ਬਦਨ ਸੁਰਾਹੀ ਗਰਦਨ, ਉਂਗਲੀਆਂ ਜਿਓਂ ਫਲੀਆਂ

ਕਲਾਸੀਕੀ ਦੌਰ ਦੇ ਆਖ਼ਰੀ ਸ਼ਾਇਰਾਂ ਵਿੱਚੋਂ ਸਿਰ ਕੱਢਵੇਂ ਸ਼ਾਇਰ ਖ਼ਵਾਜਾ ਗ਼ੁਲਾਮ ਫ਼ਰੀਦ ਨੇਂ । ਉਹਨਾਂ ਦੇ ਕਲਾਮ ਵਿੱਚ ਫ਼ਾਰਸੀ ਤੇ ਅਰਬੀ ਲਫ਼ਜ਼ਾਂ ਦੀ ਵਰਤੋਂ ਵੀ ਇਸ ਅੰਦਾਜ਼ ਨਾਲ ਕੀਤੀ ਗਈ ਏ ਕਿ ਇੱਕ ਤਾਂ ਇਹਦੇ ਨਾਲ ਜ਼ੁਬਾਨ ਨੂੰ ਅਮੀਰ ਹੋਵਣ ਦਾ ਮੌਕਾ ਮਿਲਿਆ ਏ, ਦੂਜਾ ਇਹ ਸਾਰੇ ਲਫ਼ਜ਼ ਮਖ਼ਮਲ ਵਿੱਚ ਮਖ਼ਮਲ ਵਾਂਗ ਰਲਾ ਦਿੱਤੇ ਗਏ ਨੇਂ ਤੇ ਕਿਧਰੇ ਵੀ ਇਹਨਾਂ ਦੇ ਫ਼ਾਰਸੀ ਯਾਂ ਅਰਬੀ ਹੋਵਣ ਬਾਰੇ ਅੰਦਾਜ਼ਾ ਨਹੀਂ ਹੁੰਦਾ । ਉਹਨਾਂ ਦੀ ਇੱਕ ਮੁਖ਼ਤਸਰ ਕਾਫ਼ੀ ਇੱਥੇ ਪੂਰੀ ਦੀ ਪੂਰੀ ਪੇਸ਼ ਏ । ਇਹਦੇ ਵਿੱਚ ਬਹੁਤ ਸਾਰੇ ਫ਼ਾਰਸੀ ਲਫ਼ਜ਼ ਮੌਜੂਦ ਨੇਂ:

ਸੋਹਣੇ ਯਾਰ ਪੁੰਨਲ ਦਾ
ਹਰ ਜਾ ਐਨ ਜ਼ਹੂਰ
ਅੱਵਲ, ਆਖ਼ਿਰ, ਜ਼ਾਹਿਰ, ਬਾਤਨ
ਉਸ ਦਾ ਜਾਨ ਜ਼ਹੂਰ
ਆਪ ਬਣੇ ਸੁਲਤਾਨ ਜਹਾਂ ਦਾ

ਆਪ ਬਣੇ ਮਜ਼ਦੂਰ
ਥੀ ਮੁਸ਼ਤਾਕ ਫਿਰੇ ਵਿੱਚ ਗ਼ਮ ਦੇ
ਵਾਸਲ ਥੀ ਮਹਿਜੂਰ
ਥੀ ਮਾਅਸ਼ੂਕ ਦਿਲੋਂ ਲੁਟ ਨੇਵੇ
ਜਾਨ ਕਰੇ ਰੰਜੂਰ
ਗਲ ਲਾਵਣ ਦਲ ਮਾਰ ਤੜ੍ਹਾਵਣ
ਇਹੋ ਨਹੀਂ ਦਸਤੂਰ
ਚਸ਼ਮਾਂ ਫ਼ਖ਼ਰੁੱਦੀਨ ਮਿੱਠਲ ਦੀਆਂ
ਤਨ ਮਨ ਕੀਤਾ ਚੂਰ
ਘੋਲ ਘੱਤਾਂ ਮੈਂ ਫ਼ਖ਼ਰ ਜਹਾਂ ਤੋਂ
ਜੰਨਤ, ਹੂਰ, ਕਸੂਰ,
ਯਾਰ ਫ਼ਰੀਦ ਕੂੰ ਇਵੇਂ ਸਾੜਿਓ
ਜਿਵੇਂ ਜਲਿਆ ਕੋਹਿ ਤੂਰ[22]

ਇੰਜੇ ਈ ਖ਼ਵਾਜਾ ਹੋਰਾਂ ਦੀ ਮਸ਼ਹੂਰ ਕਾਫ਼ੀ "ਏ ਹੁਸਨ ਹਕੀਕੀ ਨੂਰ ਅਜ਼ਲ"[23] ਵਿੱਚ ਸਾਨੂੰ ਫ਼ਾਰਸੀ ਲਫ਼ਜ਼ ਬਹੁਤ ਜ਼ਿਆਦਾ ਮਿਦਲੇ ਨੇਂ । ਸਗੋਂ ਪੰਜਾਬੀ ਲਫ਼ਜ਼ ਥੋੜੇ ਨੇਂ ਤੇ ਫ਼ਾਰਸੀ ਯਾਂ ਫ਼ਾਰਸੀ ਰਾਹੀਂ ਆਏ ਅਰਬੀ ਲਫ਼ਜ਼ ਜ਼ਿਆਦਾ । ਇਸ ਕਾਫ਼ੀ ਵਿੱਚੋਂ ਇੰਜ ਦੇ ਲਫ਼ਜ਼ ਇਹ ਨੇਂ:

ਹੁਸਨ, ਹਕੀਕੀ, ਨੂਰ, ਅਜ਼ਲ, ਵਾਜਿਬ, ਇਮਕਾਨ, ਖ਼ਾਲਿਕ, ਜ਼ਾਤ, ਕਦੀਮ, ਹਾਦਿਸ, ਖ਼ਲਕ, ਜਹਾਨ, ਮਤਲਕ, ਮਹਿਜ਼, ਵਜੂਦ, ਇਲਮੀਆ ਇਆਨ, ਅਰਵਾਹ, ਨਫ਼ੂਸ, ਅਕੂਲ, ਮਿਸਾਲ, ਅਸ਼ਬਾਹ, ਨਿਹਾਂ, ਮਾਹੀਅਤ, ਅਰਜ਼, ਸਿਫ਼ਤ, ਸ਼ਾਨ, ਅਨਵਾਹ, ਐਜ਼ਾਹ, ਅਤਵਾਰ, ਐਜ਼ਾਨ, ਅਰਸ਼, ਅਫ਼ਲਾਕ, ਨਾਜ਼, ਨਈਮ, ਜਨਾਨ, ਜਮਾਦ, ਨਬਾਤ, ਹੇਵਾਨ, ਇਨਸਾਨ, ਦੇਰ, ਤਸਬੀਹ, ਜ਼ਨਾਰ, ਕੁਫ਼ਰ, ਈਮਾਨ, ਬਾਰਾਨ, ਆਬ, ਖ਼ਾਕ, ਬਾਦ, ਨੇਰਾਨ, ਖ਼ਲੀਲ, ਬਿਨ, ਲਿਦਾਰ, ਆਲੀ, ਸ਼ਾਹਿਦ, ਹਜਾਜ਼, ਬਾਇਸ ਕੋਨੋ ਮਕਾਨ, ਅੰਦਾਜ਼, ਗ਼ੁਲਮਾਨ, ਅਸ਼ਵਾ, ਗ਼ਮਜ਼ਾ, ਇਲਮ, ਵਹਿਮ, ਯਕੀਨ, ਗੁਮਾਨ, ਕਵੀ, ਅਦਰਾਕ, ਜ਼ੌਕ, ਵਜਦਾਨ, ਸਕਰ, ਸਕਰਾਨ, ਹੈਰਤ, ਤਸਲੀਮ, ਤਲਵੀਨ, ਤਮਕੀਨ, ਇਰਫ਼ਾਨ, ਸੁੰਬਲ, ਸੋਸਨ, ਸਰੂ, ਨਰਗਿਸ, ਨਾਫ਼ਰਮਾਨ, ਲਾਲਾ, ਦਾਗ਼ ਬਾਗ਼, ਗੁਲਜ਼ਾਰ, ਬਸਤਾਨ, ਖ਼ੰਜਰ, ਤੀਰ, ਤਫ਼ੰਗ, ਖ਼ਦੰਗ, ਸੋਫ਼ਾਰ, ਪੇਕਾਨ, ਮਿਸਲ, ਸਬੂਗ਼, ਕਦੂਸ, ਰਹਿਮਾਨ ਤੇ ਸੁਬਹਾਨ ।

ਚੇਤੇ ਰਹਿਵੇ ਕਿ 36 ਸ਼ਿਅਰਾਂ ਦੀ ਇਸ ਕਾਫ਼ੀ ਵਿੱਚ "ਤੈਨੂੰ" ਤੇ "ਕਹੋ" ਤੋਂ ਵੱਧ ਹੋਰ ਕੋਈ ਲਫ਼ਜ਼ ਅਜਿਹਾ ਨਹੀਂ ਜਿਹਨੂੰ ਖ਼ਾਲਿਸ ਪੰਜਾਬੀ ਆਖਿਆ ਜਾ ਸਕੇ ।

"ਪੰਜਾਬੀ ਕਲਾਸੀਕੀ ਲੁਗ਼ਾਤ" ਦੀ ਤਰਤੀਬ ਕਾਰੀ ਸਮੇ ਮੈਨੂੰ ਅਹਿਸਾਸ ਹੋਇਆ ਕਿ ਪੰਜਾਬੀ ਜ਼ੁਬਾਨ ਉੱਤੇ ਫ਼ਾਰਸੀ ਤੇ ਅਰਬੀ ਅਸਰਾਤ ਉਨੇ ਈ ਗੂੜ੍ਹੇ ਨੇਂ ਜਿੰਨੇ ਕਿ ਸੰਸਕਰਿਤ ਦੇ ਅਸਰਾਤ । ਇੱਥੇ ਅਸੀਂ ਉਹਨਾਂ ਲਫ਼ਜ਼ਾਂ ਦੀ ਇੱਕ ਤਰਵੀਂ ਜਿਹੀ ਫ਼ਹਿਰਿਸਤ ਦੇ ਰਹੇ ਆਂ ਜਿਹਨਾਂ ਰਾਹੀਂ ਪੰਜਾਬੀ ਵਿੱਚ ਫ਼ਾਰਸੀ ਲਫ਼ਜ਼ਾਂ ਦੀ ਭਰਮਾਰ ਦਾ ਅੰਦਾਜ਼ਾ ਹੋ ਸਕੇ ਗਾ । ਇਹਨਾਂ ਵਿੱਚੋਂ ਕੁਝ ਲਫ਼ਜ਼ ਨਾਮਾਨੂਸ ਜਾਪਦੇ ਨੇਂ ਪਰ ਸਾਡੀ ਕਲਾਸੀਕੀ ਸ਼ਾਇਰੀ ਵਿੱਚ ਆਮ ਵਰਤੇ ਗਏ ਨੇਂ । ਬਾਕੀ ਲਫ਼ਜ਼ ਉਹ ਨੇਂ ਜਿਹੜੇ ਸਾਡੀ ਅੱਜ ਦੀ ਬੋਲ ਚਾਲ ਵਿੱਚ ਵੀ ਆਮ ਵਰਤੀਂਦੇ ਨੇਂ । ਇਹਨਾਂ ਵਿੱਚ ਕੁਝ ਅਰਬੀ ਲਫ਼ਜ਼ ਵੀ ਹੈ ਨੇਂ ਪਰ ਉਹ ਉਹੀ ਲਫ਼ਜ਼ ਨੇਂ ਜਿਹੜੇ ਫ਼ਾਰਸੀ ਵਿੱਚ ਜਾ ਕੇ ਫ਼ਾਰਸੀ ਜ਼ੁਬਾਨ ਦਾ ਵੀ ਉਵੇਂ ਈ ਹਿੱਸਾ ਬਣ ਗਏ ਹੋਏ ਨੇਂ ਜਿਵੇਂ ਕਿ ਅੱਜ ਪੰਜਾਬੀ ਦਾ ਹਿੱਸਾ ਨੇਂ ।

**ਅ ਤੇ ਆ:** ਆਬ, ਆਬਖ਼ੋਰ, ਆਬਦਾਰ, ਆਬਿ ਜ਼ਲਾਲ, ਆਬਿ ਸਫ਼ਾ, ਆਬੀ, ਆਬਰੂ, ਆਬਕ, ਆਬਨੂਸ, ਆਤਿਸ਼, ਆਤਿਸ਼ਿ ਰਖ਼ਾਂ, ਆਤਸ਼ੀਂ, ਆਜ਼ਾਰ, ਆਜ਼ਰਦਾ, ਆਜ਼ਮੂਦਾ, ਆਸੂਦਾ, ਆਸ਼ਫ਼ਤਾ, ਆਸ਼ਨਾ, ਆਸ਼ੋਬ, ਆਸ਼ੀਆਨਾ, ਆਫ਼ਰੀਦ, ਆਫ਼ਰੀਂ, ਆਫ਼ਰੀਨਸ਼, ਆਕਾ, ਆਗਾਹ, ਆਮਾਜ, ਆਮਾਜਗਾਹ, ਆਮੇਜ਼, ਆਂ, ਆਂਸਤ, ਆਵਾਜ਼, ਆਵੇਜ਼ਾਂ, ਆਹਨ (ਲੋਹਾ), ਆਹੰਗ, ਆਹੋ, ਅਜ਼, ਅਜ਼ਖ਼ੁਦ, ਅਯਗਰ, ਅਲਬਤ, ਅਲਬੱਤਾ, ਇਮਾਮ, ਇਮਾਮਤ, ਅੰਬ (ਅੰਬਾ ਤੋਂ) ਇੰਜੀਰ, ਅੰਗਸ਼ਤ, ਅੰਗੂਰ, ਐਜ਼ਾਰ, ਐਜ਼ਾਨ, ਏਜ਼ਦ, ਏਜ਼ਦੀ,

**"ਬ"** ਤੋਂ: ਬਾ (ਨਾਲ), ਬਾਦ, (ਬਾਦਿ ਬਹਾਰੀ, ਬਾਦਿ ਸਮੂਮੀ, ਬਾਦਿ ਫ਼ਰੰਗ), ਬਾਦਬਾਨ, ਬਾਦਾ, ਬਾਦੀਆ, ਬਾਰ, ਬਾਰਾਨ, ਬਾਜ਼, ਬਾਜ਼ਰਗਾਨ, ਬਾਜ਼ੂ, ਬਾਲਾ (ਉੱਚਾ) ਬਾਮ, ਬਾਂਗ, ਬੁਤ, ਬੱਚਾ, ਬਖ਼ਤ, ਬਖ਼ਤਾਵਰ, ਬਖ਼ਸ਼, ਬਖ਼ਸ਼ਣਹਾਰ, (ਫ਼ਾਰਸੀ ਤੋਂ ਬਣਾਇਆ ਹੋਇਆ), ਬਖ਼ਸ਼ਿੰਦਗੀ, ਬਜ਼ਰੀਆ, ਬਰਾਦਰ, ਬਰਸਰ, ਬਰਗ, ਬਰਗੁਜ਼ੀਦਾ, ਬਰਗਸ਼ਤ, ਬਰਗਸ਼ਤਾ,

ਬਰੇਜ, ਬਰਹਨਾ, ਬਰਿਆਂ, ਬਰਿਆਨੀ, ਬਜ਼, ਬਜ਼ਾਜ਼ (ਵਿਗੜ ਕੇ "ਬਜਾਜ" ਬਣ ਗਿਆ), ਬਜ਼ੁਰਗ, ਬਜ਼ਮ, ਬਸਤਾਨ, ਬਸਤਾ, ਬਸਿਆਰ, ਬਗ਼ਚਾ/ਬਕਚਾ, ਬਕਾਇਨ (ਬਕੈਨ, ਧਰੇਕ) ਬੰਦ, ਬਨਫ਼ਸ਼ਾ, ਬੂਦ, ਬੂਦੋ ਬਾਸ਼, ਬੋਜ਼ਨਾ (ਵਿਗੜ ਕੇ "ਬੋਜਨਾ" ਬਣ ਗਿਆ) ਬੋਸਤਾਨ, ਬੋਸਾ, ਬੋਲ, ਬਹਾਨਾ, ਬਜਹਿਤ, ਬਹਿਰਾਮ, ਬਹਿਜ਼ਾਦ, ਬਹਿਸ਼ਤ, ਬਹਿਸ਼ਤੀ, ਬੇ (ਅਗੇਤਰ: ਬੇਆਬ, ਬੇਇਨਸਾਫ਼, ਬੇਅੰਤ ਵਗ਼ੈਰਾ) ਬੀਬੀ, ਬੇਦਾਰ, ਬੇਸ਼, ਬੇਜ਼ਾ, ਬੇਗਾਰ (ਵਿਗੜ ਕੇ "ਵਿਗਾਰ" ਤੇ "ਵਗਿਆਰ" ਬਣ ਗਿਆ), ਬੇਗ, ਬੀਨੀ।

**"ਪ":** ਪਾ, ਪਾਬੰਦ, ਪਾਦਾਸ਼, ਪਾਰਾ, ਪਾਰਚਾ, ਪਾਰਸਾ, ਪਾਲਾਨ, ਪਾਮਾਲ, ਪਖ਼ਤ, ਪੁਖ਼ਤਾ, ਪਦਰ, ਪਦੀਦ, ਪਜ਼ੀਰ, ਪੁਰ, ਪਰਦਾ, ਪਰਸਤ, ਪਰਿਸਤਾਰ, ਪਰਸਤਿਸ਼, ਪੁਰਸਿਸ਼, ਪਰਿੰਦ, ਪਰਿੰਦਾ, ਪਰਵਾਜ਼, ਪਰਵਾਨਾ, ਪਰਵਾਰ, ਪਰਵੇਜ਼, ਪਰਹੇਜ਼, ਪਰੇਸ਼ਾਨ, ਪਯਮਰਦਾ, ਪਸ, ਪਸਤ, ਪਸਤਾਨ, ਪਸਰ, ਪਸ਼ਤ, ਪਸ਼ਟਾਰਾ, ਪਸ਼ਮ, ਪਸ਼ਾ, ਪਸ਼ੇਮਾਨ, ਪੰਨਾ, ਪੰਜ, ਪੰਜਾਹ, ਪੰਜਮ, ਪੰਦ, ਪੋਸਤ, ਪੋਸ਼ੀਦਾ, ਪਿਆਦਾ, ਪੇਚੀਦਾ, ਪੈਦਾ, ਪੇਦਾਇਸ਼, ਪੀਰ, ਪੀਰੀ, ਪੇਸ਼, ਪੇਸ਼ਾਨੀ, ਪੇਸ਼ਾ, ਪੇਗ਼ੰਬਰ, ਪੇਕਾਰ, ਪੇਕਾਨ......

**"ਤ":** ਤੋਂ ਤਾ (ਅਗੇਤਰ: ਤਾ ਹਾਲ, ਤਾ ਕਿਆਮਤ) ਤਾਬ, ਤਾਬਿਸ਼, ਤਾਰ, ਤਾਰਕਸ਼, ਤਾਜ਼ਾ, ਤਾਜ਼ੀਆ, ਤੁਖ਼ਮ, ਤੁਰਸ਼, ਤੁਰਕਸ਼, ਤਰੰਜ ਤਸ਼ੱਬਾ, ਤਕੀਆ, ਤਲਖ਼, ਤਲਖ਼ਾਈ, ਤੇਗ਼......

**"ਜ"** ਤੋਂ: ਜਾਮ, ਜਾਮੀ, ਜਾਨ, ਜਾਹ, ਜਾਅ, ਜਾਏ, ਜਬੀਨ, ਜੁਸਤਜੂ, ਜਸਦ, ਜਮਸ਼ੇਦ, ਜਨਾਬ, ਜੁੰਬਿਸ਼, ਜੋਸ਼, ਜੋਸ਼ਾਂਦਾ......

**"ਚ"** ਤੋਂ: ਚਾਬਕ (ਅਗੇਤਰ: ਚਾਬਕਦਸਤੀ) ਚਾਪਲੂਸ, ਚਾਦਰ, ਚਾਰਾ, ਚਾਕ, ਚਾਕੂ, ਚਾਹ, ਚਹਿਲ, ਚਰਾਗਾਹ, ਚਰਬ, ਚਰਬੀ, ਚਰਖ਼, ਚਰਖ਼ਾ, ਚਰਗ਼, ਚਸ਼ਮ, ਚਗ਼ਦ, ਚੋਬ, ਚੋਬਚਾ, ਚੋਬਦਾਰ, ਚੋਪਾਇਆ, ਚੋਰਾਹਾ, ਚੋਗਾਨ, ਚੋਂ, ਚਿਹ, ਚਿਹਰਾ......

**"ਖ਼"** ਤੋਂ: ਖ਼ਾਰ, ਖ਼ਾਰਿਸਤਾਨ, ਖ਼ਾਰਿਸ਼, ਖ਼ਾਕ, ਖ਼ਾਕਸਤਰ, ਖ਼ਾਕੀ, ਖ਼ਾਨਾ, ਖ਼ੁਦਾ, ਖ਼ਦੰਗ, ਖ਼ਰ, ਖ਼ੱਚਰ, ਖ਼ਰਜ ਯਾਂ ਖ਼ਰਚ, ਖ਼ਰਾਮ, ਖ਼ਰਾਮਾਂ, ਖ਼ੁਸਰੂ, ਖ਼ਲਿਸ਼, ਖ਼ੋ, ਖ਼ੁਦ, ਖ਼ਵਾਹਿਸ਼, ਖ਼ੁਦਬੀਂ, ਖ਼ੋਰਾਕ, ਖ਼ੋਰਿਸ਼, ਖ਼ੋਸ਼, ਖ਼ੋਸ਼ਾ, ਖ਼ੁਸ਼ੀ, ਖ਼ੋਫ਼, ਖ਼ੋਲ, ਖ਼ਵਾਨ, ਖ਼ੋਨ, ਖ਼ਿਆਬਾਨ......

**"ਦ"** ਤੋਂ: ਦਾਦ, ਦਾਰਦ, ਦਾਰੂ, ਦਾਗ਼, ਦਾਮ, ਦਾਮਨ, ਦਾਨਾ, ਦਾਨਾਈ, ਦਾਨਿਸਤ, ਦਾਨਿਸ਼, ਦਾਨਾ, ਦਬੀਰ, ਦੁਪਹਿਰ, ਦੁਖ਼ਤਰ, ਦਰ, ਦਰਬਾਨ, ਦਰਖ਼ਸ਼ਾਂ, ਦਰਗਾਹ, ਦਰਮ, ਦਰਮਾਨ, ਦਰੋਗ਼, ਦੱਰਾ, ਦਰੇਗ਼, ਦਸਤਾਵੇਜ਼, ਦਸ਼ਨਾਮ, ਦਫ਼ਤਰ, ਦਗਰਗੋਂ, ਦਿਲ, ਦਿਲਬਰ, ਦਿਲਜੋਈ, ਦਿਲਦਾਰ, ਦਮਸਾਜ਼, ਦੋ, ਦੋ ਆਬ, ਦੋ ਆਬਾ, ਦੂਰ, ਦੋਜ਼ਖ਼, ਦਹਿ, ਦਹਿਨ, ਦੀਦ, ਦੀਦਾਰ, ਦੇਗ......

**"ਰ"** ਤੋਂ: ਰਾਜ਼, ਰਾਸਤ, ਰਾਸਤਾ, ਰੁਖ਼, ਰਜ਼ਮ, ਰਸ, ਰੁਸਤਮ, ਰਸਦ, ਰੁਸਵਾ, ਰੁਸਵਾਈ, ਰਸੀਦ, ਰਫ਼ਤ, ਰਫ਼ਤਗਨ, ਰਗ, ਰੇਨ, ਰੇਜ, ਰੇਗ, ਰੋ, ਰੂ, ਰੂਦਾਰ, ਰੋਜ਼ਨਾਮਚਾ, ਰੋਜ਼ੀ, ਰੋਜ਼ੀਨਾ, ਰੋਸ਼ਨਾਈ, ਰੇਜ਼, ਰੇਜ਼ਾ ਰੇਸ਼, ਰੇਗ......

**"ਜ਼"** ਤੋਂ: ਜ਼ਾਦ, ਜ਼ਾਦਾ, ਜ਼ਾਰ, ਜ਼ਾਰੀ, ਜ਼ਾਹਿਦ, ਜ਼ਾਇਚਾ, ਜ਼ੁਬਾਨ, ਜ਼ਰ, ਜ਼ਰਤਸ਼ਤ, ਜ਼ੱਰਾ, ਜ਼ਾਅਫ਼ਰਾਨ, ਜ਼ੁਲਫ਼, ਜ਼ਮਾਨ, ਜ਼ਮਾਨਾ, ਜ਼ਮੁਰਦ, ਜ਼ਮੀਂ, ਜ਼ੇਨ, ਜ਼ੰਬੂਰ, ਜ਼ੰਬੂਰਚੀ, ਜ਼ੇਦਾਨ, ਜ਼ਿੰਦਗਾਨੀ, ਜ਼ੋਰ, ਜ਼ਹਿਰ, ਜ਼ਹੂਰਾ, ਜ਼ਿਆਦ, ਜ਼ਿਆਦਤੀ, ਜ਼ਿਆਰਤ, ਜ਼ੇਬਾ, ਜ਼ੇਰ, ਜ਼ੇਰਪਾ, ਜ਼ੇਰਕ, ਜ਼ੇਰੀਂ, ਜ਼ੇਲ, ਜ਼ੀਨਤ, ਜ਼ੀਨਾ।

**"ਸ"** ਤੋਂ: ਸਾਖ਼ਤ, ਸਾਦ, ਸਾਦਾ, ਸਾਰਬਾ, ਸਾਜ਼, ਸਾਲਾਰ, ਸਬਦ, ਸਬਜ਼, ਸਬਜ਼ਾ, ਸਿਪਾਹ, ਸਿਪਾਹੀ, ਸਿਤਾਰ, ਸਤਰ, ਸਿਤਮ, ਸਹਿਰ, ਸੁਖ਼ਨ, ਸਰਾ, ਸੁਰਾਗ਼, ਸਰਦ, ਸਰਦਾਰ, ਸਰਸ਼ਤਾ, ਸਰਕਾਰ, ਸਰਕਿਸ਼, ਸਿਰਕਾ, ਸਰਗਸ਼ਤ, ਸਰਗਜ਼ਸ਼ਤ, ਸਰਮਾਇਆ, ਸਰਨਗੂੰ, ਸਰਦ, ਸਰੋਦ, ਸਰੋਸ਼, ਸੱਗ, ਸਮੰਦ, ਸਮੰਦਰ, ਸੰਗ (ਪੱਥਰ), ਸੰਗਰੇਜ਼ਾ, ਸੋਖ਼ਤ, ਸੋਦਾ, ਸੋਜ਼, ਸੋਗ਼ਾਤ, ਸਹਿਮ, ਸਹਵ, ਸੀ (ਸੀ ਹਰਫ਼ੀ), ਸੀਮਾਬ, ਸੀਨਾ......

**"ਸ਼"** ਤੋਂ: ਸ਼ਾਦ, ਸ਼ਾਦਮਾਨ, ਸ਼ਾਦੀ, ਸ਼ਾਨਾ, ਸ਼ਬ, ਸ਼ੋਲਾ, ਸ਼ਿਕਮ, ਸ਼ਮਸ਼ੀਰ,, ਸ਼ੰਗਰਫ਼, ਸ਼ੋਰ, ਸ਼ੋਰਿਸ਼, ਸ਼ੇਰ, ਸ਼ੇਵਾ......

**ਸਵਾਦ ਤੋਂ ਕਾਫ਼** : ਸਦ, ਸੀਗ਼ਾ, ਜ਼ਹਾਕ, ਤੋਤੀ, ਗ਼ੁਬਾਰ, ਫ਼ਰਸੰਗ, ਫ਼ਗਨ, ਕੋਰਮਾ, ਕੀਮਾ......

**ਕਾਫ਼** ਤੋਂ: ਕਾਖ਼, ਕਾਮ, ਕਜ, ਕਰਗਿਸ, ਕਸ਼ਤ, ਕੁਸ਼ਤਾ, ਕਿਸ਼ਮਿਸ਼, ਕਿਸ਼ਵਰ, ਕਫ਼, ਕੁਫ਼ਰਿਸਤਾਨ, ਕਲਗ਼ੀ, ਕਮਾਨ, ਕਮਾਨਦਾਰ, ਕਮਰ, ਕਮਰੋਬੇਸ਼, ਕਿਨਾਰ, ਕਿਨਾਰਾ, ਕਨੰਦਾ, ਕੋਤਾਹ, ਕੋਹ (ਪਹਾੜ), ਕੋਹਸਾਰ, ਕਹਿਸਤਾਨ......

**"ਗ"** ਤੋ: ਗਾਮ, ਗਾਹੇ, ਗਦਾ, ਗਦਾਜ਼, ਗਰਾਂ, ਗਰਾਨੀ, ਗਦਾਈ, ਗਰਦ, ਗਰਜ਼, ਗੁਰੇਜ਼, ਗਿਰੀਆ, ਗਜ਼, ਗੁਜ਼ਰ, ਗੁਜ਼ਰਾਨ, ਗਜ਼ਸ਼ਤ, ਗਜ਼ੰਦ, ਗਸ਼ਤ, ਗੁਲ, ਗੁਲਾਬ, ਗੁਲਾਲ, ਗੁਲਬਰਗ, ਗੁਲਿਸਤਾਨ, ਗੁਲਫ਼ਾਮ, ਗਮਾਸ਼ਤਾ, ਗੁਮਾਨ, ਗੁਮਰਾਹ, ਗੁਨਾਹ, ਗੋਰ, ਗੋਰਾ, ਗੋਰਿਸਤਾਨ, ਗੋਸ਼, ਗੋਸ਼ਾ, ਗੋਹਰ, ਗੇਸੂ......

**"ਲ"** ਤੋਂ: ਲਾਫ਼, ਲਾਗਤ, ਲਾਲਾ, ਲਬ, ਲਬਰੇਜ਼, ਲੁਕਮਾ......

**“ਮ”** ਤੋਂ: ਮਾਦਰ, ਮਾਦਾ, ਮਾਹੀ, ਮਚਲਕਾ, ਮਰਦ, ਮਰਦੰਗ, ਮਰਗ, ਮੋਰਚਾ, ਮੋਸ਼, ਮਹਿ, ਮੈ, ਮਏ, ਮੇਦਾਨ, ਮੀਨਾ, ਮੀਂਹ......

**“ਨ”** ਤੋਂ: ਨਾ, ਨਾਬੂਦ, ਨਾਪਸੰਦ, ਨਾਪੈਦ, ਨਾਚੀਜ਼, ਨਾਖ਼ੁਨ, ਨਾਦਾਰ, ਨਾਜ਼, ਨਾਸਾਜ਼, ਨਾਸ਼ਾਦ, ਨਾਮਾ (ਵਿਗੜ ਕੇ ਨਾਵਾਂ), ਨਰਖ਼, ਨਸ਼ੀਨ, ਨਿਗਾਰ, ਨਗ, ਨਗੀਨਾ, ਨੀਮ, ਨਮਕ, ਨਹਾਨ, ਨਹਿਰ......

**“ਵ”** ਤੋਂ: ਵਰਦੀ, ਵਸੀ, ਵਿਲਾਇਅਤ......

**“ਹ”** ਤੋਂ: ਹੰਦਵਾਨਾ (ਵਿਗੜ ਕੇ ਹਦਵਾਣਾ ਹੋ ਗਿਆ) ਹਸਤੀ, ਹਫ਼ਤ, ਹੁਸ਼ਿਆਰ, ਹਮ (ਅਗੇਤਰ: ਹਮਰਾਜ਼, ਹਮਜ਼ਾਦ) ਹਮਸ਼ੀਰ, (ਵਿਗੜ ਕੇ ਹਮਸ਼ੀਰਾ ਬਣ ਗਿਆ ਏ ਤੇ ਸਿਰਫ਼ ਭੈਣ ਵਾਸਤੇ ਵਰਤੀਂਦਾ ਏ) ਹਮਾ, ਹਮਾ ਔਸਤ, ਹੰਗਾਮਾ, ਹੋਸ਼, ਹੇਜ਼ਮ......

**“ਯ”** ਤੋਂ: ਯਾਰ, ਯਾਰਾਨਾ, ਯਾਸਮੀਨ, ਯਾਵਰੀਖ਼, ਯਖ਼ਨੀ, ਯਜ਼ਦਾਨ, ਯਕ, ਯਕਤਾ, ਯਗਾਨਾ...... [24]

## ਹਵਾਸ਼ੀ ਤੇ ਹਵਾਲੇ


1. ਉਰਦੂ ਦੇ ਦਫ਼ਤਰੀ ਜ਼ੁਬਾਨ ਵਜੋਂ ਨਫ਼ਾਜ਼ ਦੀ ਹੁਣ ਤਕ ਆਖ਼ਰੀ ਕੋਸ਼ਿਸ਼ ਗ਼ੁਲਾਮ ਹੈਦਰ ਵਾਈਂ ਹੋਰਾਂ ਦੀ ਏ ਜੋ ਉਹਨਾਂ ਨੇ 1992 ਵਿੱਚ ਕੀਤੀ। ਸੂਬੇ ਦੀ ਸੱਭ ਤੋਂ ਉੱਪਰਲੀ ਅਥਾਰਟੀ ਦੀ ਇਹ ਕੋਸ਼ਿਸ਼ ਵੀ ਨਾਕਾਮ ਰਹੀ।
2. ਸੱਤਾਰ ਤਾਹਿਰ “ਦੁਨੀਆ ਕੀ ਸੌ ਅਜ਼ੀਮ ਕਿਤਾਬੇ” ਕਾਰਵਾਨਿ ਅਦਬ, ਮੁਲਤਾਨ ਸਦਰ, (ਦੂਜਾ ਐਡੀਸ਼ਨ) (1989)।
3. ਇਬਨਿ ਹਨੀਫ਼, ਸਾਤ ਦਰਿਆਓਂ ਕੀ ਸਰਜ਼ਮੀਨ, ਲਾਹੌਰ, 1997, ਫ਼ਿਕਸ਼ਨ ਹਾਊਸ, ਪ 85।
4. ਇਕਬਾਲ ਸਲਾਹੁੱਦੀਨ “ਤਾਰੀਖ਼ ਪੰਜਾਬ” ਲਾਹੌਰ, 1988 (ਦੂਜਾ ਐਡੀਸ਼ਨ) ਅਜ਼ੀਜ਼ ਬੁਕ ਡਿੱਪੂ, ਪ 63।
5. ਹਾਸ਼ਮੀ ਫ਼ਰੀਦ ਆਬਾਦੀ, ਸੱਈਦ, ਮਾਅਸਰ ਲਾਵਹਰ, ਇਦਾਰਾ ਸਕਾਫ਼ਤ ਇਸਲਾਮੀਆ, ਕਲਬ ਰੋਡ ਲਾਹੌਰ, ਤਬਾਅ ਦੋਮ 1976 (ਪ 4)
6. ਹਾਸ਼ਮੀ ਫ਼ਰੀਦ ਆਬਾਦੀ, ਸੱਈਦ, ਹਿੰਦ ਆਰਿਆਈ ਔਰ ਉਰਦੂ, ਇਲਿਆਸ ਟਰੇਡਰਜ਼, ਸ਼ਾਹ ਅਲੀ ਬੰਡਾ ਹੈਦਰ ਆਬਾਦ, ਆਂਧਰਾ ਪਰਦੇਸ਼, 1986
7. (ਪ 233-34)
8. ਮੁਹੰਮਦ ਆਸਿਫ਼ ਖ਼ਾਂ, ਆਖਿਆ ਬਾਬਾ ਫ਼ਰੀਦ ਨੇ, ਪਾਕਿਸਤਾਨ ਪੰਜਾਬੀ ਅਦਬੀ ਬੋਰਡ, ਲਾਹੌਰ, ਤੀਜੀ ਵਾਰ 1989, ਪੰਨਾ 141 ਤੋਂ 318
9. ਕਾਜ਼ੀ ਜਾਵੇਦ, ਪੰਜਾਬ ਦੀ ਸੂਫ਼ੀਆਨਾ ਰਿਵਾਇਅਤ, ਪਾਕਿਸਤਾਨ ਪੰਜਾਬੀ ਅਦਬੀ ਬੋਰਡ, ਲਾਹੌਰ, ਮਈ 1993 (ਪ 86,87)
10. ਉਹੀ, 91-93
11. ਗ਼ੁਲਾਮ ਰਸੂਲ ਆਲਮਪੂਰੀ “ਅਹਿਸੁਨਲਕਸਸ”, ਪੰਜਾਬੀ ਅਦਬੀ ਬੋਰਡ, ਲਾਹੌਰ, 1987, (ਪ 143)
12. ਉਹੀ (ਪ 1)
13. ਮੀਆਂ ਮੁਹੰਮਦ ਆਕਿਲ ਜੋਗੀ (ਮੁਰਤੱਬ: ਮੁਹੰਮਦ ਆਸਿਫ਼ ਖ਼ਾਂ) “ਆਖਿਆ ਮੀਆਂ ਜੋਗੀ ਨੇ”, ਪਾਕਿਸਤਾਨ ਪੰਜਾਬੀ ਅਦਬੀ ਬੋਰਡ, ਲਾਹੌਰ, 1998।
14. ਉਹੀ, ਪ 30।
15. ਮੀਆਂ ਮੁਹੰਮਦ ਬਖ਼ਸ਼ (ਤਰਤੀਬ: ਇਕਬਾਲ ਸਲਾਹੁੱਦਦੀਨ) “ਸੈਫ਼ੁਲਮਲੂਕ” ਅਜ਼ੀਜ਼ ਪਬਲਿਸ਼ਰਜ਼, ਲਾਹੌਰ, 1996, ਪ 14।
16. ਉਹੀ, ਪ 80।
17. ਉਹੀ, ਪ 222
18. ਉਹੀ,ਪ 435
19. ਚਰਾਗ਼ ਆਵਾਨ (ਮੁਰੱਬਤ: ਐਨੁਲਹਕ ਫ਼ਰੀਦ ਕੋਟੀ) “ਹੀਰ ਚਰਾਗ਼ ਆਵਾਨ”, ਪਾਕਿਸਤਾਨ ਪੰਜਾਬੀ ਅਦਬੀ ਬੋਰਡ ਲਾਹੌਰ, 1987, ਪ 68-69
20. ਲੱਖ ਸ਼ਾਹ (ਸੋਧੀ: ਜ਼ਾਹਿਦ ਹਸਨ), ਪਾਕਿਸਤਾਨ ਪੰਜਾਬੀ ਅਦਬੀ ਬੋਰਡ, ਲਾਹੌਰ, 1996, ਪ 184।
21. ਹਾਫ਼ਿਜ਼ ਬਰਖ਼ੁਰਦਾਰ (ਮੁਰੱਬਤ: ਡਾਕਟਰ ਫ਼ਕੀਰ ਮੁਹੰਮਦ ਫ਼ਕੀਰ), ਮਿਰਜ਼ਾ ਸਾਹਿਬਾਂ, ਸੰਗਿ ਮੀਲ ਪਬਲੀ ਕੇਸ਼ਨਜ਼ ਲਾਹੌਰ, 1998, ਪ 7।
22. ਖ਼ਵਾਜਾ ਗ਼ੁਲਾਮ ਫ਼ਰੀਦ (ਐਡੀਟਰ: ਮੁਹੰਮਦ ਅਫ਼ਜ਼ਲ ਖ਼ਾਂ) “ਕੁਲੀਆਤਿ ਖ਼ਵਾਜਾ ਫ਼ਰੀਦ) ਪ 52।
23. ਉਹੀ, ਪ 339।
24. ਜਮੀਲ ਅਹਮਦ ਪਾਲ, ਪੰਜਾਬੀ ਕਲਾਸੀਕੀ ਲੁਗ਼ਤ, ਪੰਜਾਬੀ ਸਾਇੰਸ ਬੋਰਡ, ਅਮੀਰ ਰੋਡ ਬਿਲਾਲ ਗੰਜ ਲਾਹੌਰ, 1993